# ECHO OF HIS CALL
# ਬੁਲਾਵੇ ਦੀ ਗੂੰਜ

PUNJABI

ECHO OF HIS CALL

India's National Spiritual Newspaper

₹ 10/-

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAANS

ESTD: 1969

Editor : S. SAM SELVA RAJ | 16 Languages | Associate Editor : Bro. Vishwas Masih

VOL. XIX | YEAR OF OUR LORD JESUS CHRIST, NOVEMBER 2018 | NO. 9


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

### PRAISE THE LORD

ਜ਼ਬੂਰ 16:1-8

1. ਹੇ ਪ੍ਰਮੇਸ਼ਵਰ, ਮੇਰੀ ਰੱਛਿਆ ਕਰ ਕਿਉਂ ਜੋ ਮੈਂ ਤੇਰੀ ਹੀ ਸ਼ਰਨ ਆਇਆ ਹਾਂ।
2. ਮੈਂ ਯਹੋਵਾਹ ਨੂੰ ਆਖਿਆ ਹੈ ਕਿ ਤੂੰ ਹੀ ਮੇਰਾ ਪ੍ਰਭੂ ਹੈਂ, ਤੈਥੋਂ ਪਰੇ ਮੇਰੀ ਕਿਤੇ ਭਲਿਆਈ ਨਹੀਂ।
3. ਸੰਤ ਅਤੇ ਪਤਵੰਤ ਜਿਹੜੇ ਧਰਤੀ ਉੱਤੇ ਹਨ, ਉਹਨਾਂ ਵਿੱਚ ਮੇਰੀ ਹੀ ਖੁਸ਼ੀ ਪੂਰੀ ਹੈ।
4. ਜਿਹੜੇ ਦੂਜੇ ਦੇ ਮਗਰ ਭੱਜਦੇ ਹਨ ਉਹਨਾਂ ਦੇ ਗਮ ਵਧ ਜਾਣਗੇ, ਮੈਂ ਉਹਨਾਂ ਦੀਆਂ ਲਹੂ ਵਾਲੀਆਂ ਭੇਟਾਂ ਨਹੀਂ ਡੋਹਲਾਂਗਾ ਅਤੇ ਨਾ ਆਪਣੇ ਬੁੱਲਾਂ ਤੇ ਉਹਨਾਂ ਦੇ ਨਾਂ ਲਿਆਵਾਂਗਾ।
5. ਯਹੋਵਾਹ ਮੇਰੇ ਵਿਰਸੇ ਅਰ ਕਟੋਰੇ ਦਾ ਭਾਗ ਹੈ, ਤੂੰ ਮੇਰੇ ਹਿੱਸੇ ਦਾ ਰਖਵਾਲਾ ਹੈਂ।
6. ਮਨ ਭਾਉਂਦੇ ਥਾਵਾਂ ਵਿੱਚ ਮੇਰੇ ਲਈ ਜਰੀਬ ਪਈ, ਮੈਨੂੰ ਤਾਂ ਬਹੁਤ ਚੰਗਾ ਅਧਿਕਾਰ ਮਿਲਿਆ ਹੈ।
7. ਮੈਂ ਯਹੋਵਾਹ ਨੂੰ ਮੁਬਾਰਕ ਆਖਾਂਗਾ, ਜਿਸਨੇ ਮੈਨੂੰ ਸਲਾਹ ਦਿੱਤੀ ਹੈ, ਰਾਤ ਦੇ ਵੇਲੇ ਮੇਰੇ ਗੁਰਦੇ ਮੈਨੂੰ ਸਿਖਲਾਉਂਦੇ ਹਨ।
8. ਮੈਂ ਸਦਾ ਹੀ ਯਹੋਵਾਹ ਨੂੰ ਆਪਣੇ ਅੱਗੇ ਰੱਖਿਆ ਹੈ, ਉਹ ਮੇਰੇ ਸੱਜੇ ਪਾਸੇ ਜੋ ਹੈ ਇਸ ਲਈ ਮੈਂ ਨਾ ਡੋਲਾਂਗਾ।

## PEOPLE UNDER DELUSION!
## ਭਰਮ ਵਿੱਚ ਲੋਕ!

ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਅਤੇ ਸਾਡੇ ਉਸ ਕੋਲ ਇਕੱਠਿਆਂ ਹੋਣ ਦੇ ਵਿਖੇ ਅਸੀਂ ਤੁਹਾਡੇ ਇਹ ਬੇਨਤੀ ਕਰਦੇ ਹਾਂ ਭਈ ਤੁਸੀਂ ਕਿਸੇ ਰੂਹ ਜਾਂ ਬਾਣੀ ਜਾਂ ਸਾਡੇ ਨਾਉਂ ਦੀ ਜਾਅਲੀ ਪੱਤਰੀ ਤੋਂ ਆਪਣੇ ਮਨੋਂ ਛੇਤੀ ਨਾ ਡੋਲੋ ਨਾ ਘਾਬਰ ਜਾਓ ਭਈ ਮਾਨੋ ਪ੍ਰਭੂ ਦਾ ਦਿਨ ਆ ਪੱਜਿਆ ਹੈ।

"ਕੋਈ ਤੁਹਾਨੂੰ ਕਿਸੇ ਤਰਾਂ ਨਾ ਭਰਮਾਵੇ ਕਿਉਂ ਜੋ ਉਹ ਦਿਨ ਨਹੀਂ ਆਵੇਗਾ ਜਿੰਨਾਂ ਚਿਰ ਪਹਿਲਾਂ ਧਰਮ ਤਿਆਗ ਨਾ ਹੋ ਲਵੇ ਅਤੇ ਉਹ ਕੁਧਰਮ ਦਾ ਪੁਰਖ ਅਰਥਾਤ ਵਿਨਾਸ਼ ਦਾ ਪੁੱਤਰ ਪਰਗਟ ਨਾ ਹੋ ਜਾਵੇ" (2 ਥੱਸਲੁਨੀਕੀਆਂ ਨੂੰ 2:1-3)।

ਕੁਝ ਧਰਮ ਵਿਦਵਾਨ ਇਹ ਮੰਨਦੇ ਹਨ ਕਿ "ਪ੍ਰਭੂ ਦਾ ਦਿਨ" ਜਿਸ ਬਾਰੇ ਪੌਲੁਸ ਜਿਕਰ ਕਰਦਾ ਹੈ ਉਹ ਆਖਰੀ ਨਿਆਂ ਦਾ ਦਿਨ ਹੈ। ਹਾਲਾਂਕਿ, ਜਿਵੇਂ ਕਿ ਬਹੁਤ ਵਿਦਵਾਨ ਮੰਨਦੇ ਹਨ ਅਰ ਮੈਂ ਵੀ ਇਹ ਮੰਨਦਾ ਹਾਂ ਕਿ ਪੌਲੁਸ ਮਸੀਹ ਦੀ ਦੂਜੀ ਆਮਦ ਬਾਰੇ ਗੱਲ ਕਰਦਾ ਹੈ। ਅਤੇ ਪੌਲੁਸ ਆਖਦਾ ਹੈ ਕਿ ਮਸੀਹ ਦੀ ਆਮਦ ਉਦੋਂ ਤੀਕ ਨਹੀਂ ਹੋਵੇਗੀ ਜਦ ਤੀਕ ਦੋ ਗੱਲਾਂ ਨਾ ਹੋਣ:

1. ਗਲਤ ਸਿੱਖਿਆ ਦਾ ਪ੍ਰਸਾਰ ਹੋਵੇਗਾ। ਪ੍ਰਮੇਸ਼ਵਰ ਨੂੰ ਜਾਣਨ ਵਾਲੇ ਬਹੁਤ ਸਾਰੇ ਸੁਸਮਾਚਾਰ ਦੀ ਸੱਚਾਈ ਤੋਂ ਭਟਕ ਜਾਣਗੇ।
2. ਮਸੀਹ ਵਿਰੋਧੀ ਜਾਂ ਕੁਧਰਮ ਦਾ ਪੁਰਖ ਪਰਗਟ ਹੋਵੇਗਾ।

ਮਸੀਹ ਦੇ ਹਰੇਕ ਪਿਆਰੇ ਨੂੰ ਇਹ ਗੱਲ ਪਤਾ ਲੱਗ ਜਾਵੇਗੀ ਕਿ ਲੋਕ ਭਟਕ ਰਹੇ ਹਨ। ਅੱਜ ਬਹੁਤ ਸਾਰੇ ਵਿਸ਼ਵਾਸੀ ਅਤੇ ਮਸੀਹੀ ਪਿਛਲੇ ਕੁੱਝ ਦਹਾਕਿਆਂ ਤੋਂ ਪ੍ਰਮੇਸ਼ਵਰ ਦੇ ਪਿਆਰ ਵਿੱਚ ਠੰਡੇ ਹੋ ਗਏ ਹਨ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮੈਂ ਪੌਲੁਸ ਦੇ ਦੂਸਰੇ ਬਿੰਦੂ ਵੱਲ ਆਉਂਦਾ ਹਾਂ ਕਿ ਪ੍ਰਭੂ ਦਾ ਦਿਨ ਤਦ ਤੀਕ ਨਹੀਂ ਆਵੇਗਾ ਜਦ ਤੀਕ, "ਕੁਧਰਮ ਦਾ ਪੁਰਖ ਪਰਗਟ ਨਾ ਹੋਵੇ"।

ਪੌਲੁਸ ਅਸਲ ਵਿੱਚ ਕੀ ਆਖਣਾ ਚਾਹੁੰਦਾ ਹੈ? ਕੀ ਉਹ ਇਹ ਆਖ ਰਿਹਾ ਹੈ ਕਿ ਪ੍ਰਭੂ ਯਿਸੂ ਉਦੋਂ ਤੀਕ ਨਹੀਂ ਆਉਣਗੇ ਜਦ ਤੀਕ ਮਸੀਹ ਵਿਰੋਧੀ, ਸੰਸਾਰ ਦਾ ਹਾਕਮ ਨਾ ਬਣੇ ਅਤੇ ਅਸੀਂ ਸਭ ਉਸਨੂੰ ਨਾ ਜਾਣੀਏ? ਮੈਂ ਅਜਿਹਾ ਨਹੀਂ ਸੋਚਦਾ। ਪੌਲੁਸ ਨੂੰ ਪਤਾ ਸੀ ਕਿ ਮਸੀਹ ਕਿਸੇ ਵੀ ਵੇਲੇ ਆ ਸਕਦਾ ਹੈ। ਪ੍ਰਭੂ ਯਿਸੂ ਨੇ ਖੁਦ ਆਖਿਆ ਕਿ ਜਦੋਂ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ, ਅੱਖ ਦੀ ਝਪਕੀ ਵਿੱਚ ਹੀ ਉਹ ਆ ਜਾਵੇਗਾ।

ਮੈਂ ਮੰਨਦਾ ਹਾਂ ਕਿ ਪੌਲੁਸ ਜੋ ਕਹਿਣਾ ਚਾਹੁੰਦਾ ਹੈ ਉਹ ਅਸੀਂ ਉਸਦੇ ਸ਼ਬਦ "ਪਰਗਟ" ਹੋਵੇਗਾ ਵਿੱਚੋਂ ਜਾਣ ਸਕਦੇ ਹਾਂ। ਇਸਦਾ ਯੂਨਾਨੀ ਅਰਥ ਹੈ "ਪਰਦਾ ਹਟਣਾ"। ਮੇਰੇ ਵਿਚਾਰ ਵਿੱਚ, ਪੌਲੁਸ ਆਖ ਰਿਹਾ ਹੈ ਕਿ "ਪ੍ਰਭੂ ਯਿਸੂ ਉਦੋਂ ਤੀਕ ਨਹੀਂ ਆਉਣਗੇ ਜਦੋਂ ਤੀਕ ਮਸੀਹ ਵਿਰੋਧੀ ਦੀ ਪੂਰੀ ਯੋਜਨਾ ਅਰ ਕੰਮ ਸਾਹਮਣੇ ਨਾ ਆਉਣ ਅਰ ਕਲੀਸਿਆ ਨੂੰ ਇਸ ਬਾਰੇ ਪਤਾ ਨਾ ਲੱਗੇ।

ਮਸੀਹ ਵਿਰੋਧੀ ਦੀ ਯੋਜਨਾ ਬਾਈਬਲ ਵਿੱਚ ਪਰਗਟ ਹੋ ਚੁੱਕੀ ਹੈ। ਪੌਲੁਸ ਆਖਦਾ ਹੈ, "ਕੁਧਰਮ ਦਾ ਭੇਤ ਹੁਣ ਵੀ ਕੰਮ

(ਚਲਦਾ ਸਫਾ 3-)

*Touching lives by Teaching ...Since1969*

# ਬੁਲਾਵੇ ਦੀ ਗੂੰਜ

(ਅੰਗਰੇਜੀ,ਤਾਮਿਲ,ਮਲਿਆਲਮ,ਤੇਲਗੂ,ਹਿੰਦੀ,,ਮਰਾਠੀ,ਕੰਨੜਾ,ਬੰਗਾਲੀ,ਗੁਜਰਾਤੀ, ਉੜੀਆ,ਨੇਪਾਲੀ,ਪੰਜਾਬੀ,ਉਰਦੂ,ਸਿਨਹਾਲਾ ਅਤੇ ਅਫਰੀਕਨ ਮਾਸਿਕ ਪੱਤ੍ਰਿਕਾ)






**"ਏਸ ਲਈ ਕਿ ਦਿਨ ਨੇੜੇ ਹੈ, ਹਾਂ ਯਹੋਵਾਹ ਦਾ ਦਿਨ ਨੇੜੇ ਹੈ ਅਰਥਾਤ ਬੱਦਲਾਂ ਦਾ ਦਿਨ, ਇਹ ਕੌਮਾਂ ਦਾ ਸਮਾਂ ਹੋਵੇਗਾ" (ਹਿਜ਼ਕੀਏਲ 30:3)।**

ਮਸੀਹ ਵਿੱਚ ਪਿਆਰਿਓ,

ਸੰਸਾਰ ਦੇ ਮੁਕਤੀਦਾਤਾ ਯਿਸੂ ਮਸੀਹ ਦੇ ਅਤੁੱਲ ਨਾਮ ਵਿੱਚ ਤੁਹਾਨੂੰ ਸਾਡੀਆਂ ਪਿਆਰ ਭਰੀਆਂ ਸ਼ੁੱਭ ਇੱਛਾਵਾਂ।

ਅਸੀਂ ਜਾਣਦੇ ਹਾਂ ਕਿ ਤੁਹਾਡੇ ਵਿੱਚੋਂ ਬਹੁਤ ਲੋਕ ਇਸ ਮਹੀਨੇਵਾਰ ਮੈਗਜ਼ੀਨ ਦੀ ਬੇਸਬਰੀ ਨਾਲ ਉਡੀਕ ਕਰਦੇ ਹੋ। ਸਾਨੂੰ ਇਹ ਵੀ ਪਤਾ ਹੈ ਕਿ ਇਸ ਮੈਗਜ਼ੀਨ ਰਾਹੀਂ ਤੁਹਾਨੂੰ ਪੂਰੇ ਮਹੀਨੇ ਦਾ ਆਤਮਿਕ ਮੰਨਾਂ ਵੀ ਮਿਲਦਾ ਹੈ। ਕਿਉਂਕਿ ਸਾਨੂੰ ਅੰਗ੍ਰੇਜ਼ੀ, ਤਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਅਸਾਮੀ, ਬੰਗਾਲੀ, ਉਰਦੂ, ਗੁਜਰਾਤੀ, ਨੇਪਾਲੀ, ਉੜੀਆ, ਪੰਜਾਬੀ ਸਿੰਹਾਲਾ ਅਤੇ ਅਫਰੀਕਨ ਬੋਲਣ ਵਾਲੇ ਲੋਕਾਂ ਵੱਲੋਂ ਫੋਨ ਕਾਲਾਂ, ਐੱਸਐੱਮਐੱਸ ਅਤੇ ਈਮੇਲਾਂ ਰਾਹੀਂ ਪਤਾ ਚੱਲਦਾ ਹੈ ਕਿ ਉਹ ਆਤਮਿਕ ਬਰਕਤ ਹਾਸਲ ਕਰ ਰਹੇ ਹਨ। ਅਸੀਂ ਸਮਝਦੇ ਹਾਂ ਕਿ ਸਾਡੀ ਮੈਗਜ਼ੀਨ ਇਹਨਾਂ ਸਭ ਲੋਕਾਂ ਲਈ ਬਹੁਤ ਲਾਭਦਾਇਕ ਹੈ। ਇਸ ਲਈ ਅਸੀਂ ਨਿਰਾਸ਼ ਨਹੀਂ ਹੁੰਦੇ ਭਾਵੇਂ ਅਸੀਂ ਰਾਤ ਦਿਨ ਬਹੁਤ ਸਖ਼ਤ ਮੇਹਨਤ ਕਰਦੇ ਹਾਂ, ਆਪਣੇ ਵਿੱਤ ਸੰਬੰਧੀ ਆਰਥਿਕ ਯੁੱਧ ਲੜਦੇ ਹਾਂ, ਬਿਮਾਰੀ, ਕਰਮਚਾਰੀਆਂ ਦੀ ਕਮੀ ਅਤੇ ਪ੍ਰਤੀਕੂਲ ਰਾਜਨੀਤਕ ਸਥਿਤੀਆਂ ਦਾ ਸਾਹਮਣਾ ਕਰਦੇ ਹਾਂ।

ਸਾਨੂੰ ਇਹ ਜਾਣ ਕੇ ਬਹੁਤ ਦੁੱਖ ਹੁੰਦਾ ਹੈ ਕਿ ਪ੍ਰਮੇਸ਼ਵਰ ਦੇ ਬਹੁਤ ਸਾਰੇ ਬੱਚੇ ਪ੍ਰਭੂ ਦੀ ਸੇਵਕਾਈ ਵਿੱਚ ਸ਼ਾਮਿਲ ਹੋਣ ਲਈ ਉਸ ਤਰਾਂ ਰੁਚੀ ਨਹੀਂ ਵਿਖਾਉਂਦੇ ਜਿਵੇਂ ਉਹ ਸੰਸਾਰਕ ਕੰਮਾਂ, ਸੰਸਾਕਰ ਖੁਸ਼ੀ ਅਰ ਅਨੰਦ ਮਨਾਉਣ ਅਤੇ ਪਰਿਵਾਰਕ ਉਤਸਵਾਂ ਲਈ ਵਿਖਾਉਂਦੇ ਹਨ। ਪਰੰਤੂ ਪਿਛਲੇ 50 ਸਾਲਾਂ ਤੋਂ ਬਿਨਾਂ ਅਰਾਮ ਕੀਤੇ ਜੋ ਸਖ਼ਤ ਮੇਹਨਤ ਅਸੀਂ ਕਰ ਰਹੇ ਹਾਂ ਉਸਦਾ ਫਲ ਅਸੀਂ ਵੇਖ ਰਹੇ ਹਾਂ। ਅਸੀਂ ਨਾ ਹੈ ਗੈਰਜਿੰਮੇਦਾਰ ਹੋਏ ਅਤੇ ਨਾ ਹੀ ਅਸੀਂ ਪ੍ਰਮੇਸ਼ਵਰ ਦੀ ਅਵਾਜ਼ ਅਤੇ ਇੱਛਾ ਦੀ ਉਲੰਘਣਾ ਕੀਤੀ ਭਾਵੇਂ ਪਿਛਲੇ ਸਮੇਂ ਵਿੱਚ ਕਾਇਦੇ ਅਰ ਕਨੂੰਨਾਂ ਨੇਂ ਲੋਕਾਂ ਅੱਗੇ ਸੱਚਾਈ ਨੂੰ ਬਿਆਨ ਕਰਨ ਲਈ ਸਾਡੇ ਅੱਗੇ ਰੁਕਾਵਟਾਂ ਲਗਾਈਆਂ; ਅਸੀਂ ਫਿਰ ਵੀ ਅੱਗੇ ਵਧ ਰਹੇ ਹਾਂ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਨੇ ਅਜਿਹੀ ਜੀਵਨ ਸ਼ੈਲੀ ਨੂੰ ਸਵੀਕਾਰ ਕਰ ਲਿਆ ਹੈ ਅਤੇ ਜੀਣਾ ਸ਼ੁਰੂ ਕਰ ਦਿੱਤਾ ਹੈ ਜਿਹੜੀ ਸਾਡੀ ਪਵਿੱਤਰ ਬਾਈਬਲ ਵੱਲੋਂ ਮੰਜੂਰ ਨਹੀਂ। ਬਾਈਬਲ ਆਖਦੀ ਹੈ ਕਿ ਸਮਲਿੰਗਤਾ (ਹਰਾਮਕਾਰੀ) ਪ੍ਰਮੇਸ਼ਵਰ ਅੱਗੇ ਘ੍ਰਿਣਤ ਹੈ ਅਤੇ ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਬੁਰਾਈਆਂ ਹਨ ਜਿਹੜੀਆਂ ਕਿ ਖੁੱਲੇ ਤੌਰ ਤੇ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਸਾਡੇ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਅਪਣਾ ਲਈਆਂ ਹਨ। ਭਾਰਤ ਵਿੱਚ ਪ੍ਰਮੇਸ਼ਵਰ ਦੇ ਲੋਕ ਬਹੁਤ ਹੀ ਦੁਖੀ ਹੋਏ ਜਦੋਂ ਹਾਲ ਹੀ ਵਿੱਚ ਇਹ ਕਨੂੰਨ ਆਇਆ ਕਿ ਆਪਣੇ ਵਿਆਹ ਤੋਂ ਬਾਹਰ ਵੀ ਸੰਬੰਧ ਬਣਾਉਣਾ ਕੋਈ ਜੁਰਮ ਨਹੀਂ।

ਇਹ ਚੰਗੀ ਗੱਲ ਹੈ ਕਿ ਅੱਜ ਦੇ ਪਾਸਟਰ ਅਤੇ ਕਲੀਸਿਆਵਾਂ ਅਜਿਹੇ ਵਿਸ਼ਿਆਂ ਬਾਰੇ ਚਰਚਾ ਨਹੀਂ ਕਰਦੇ, ਪਰੰਤੂ ਅਣਦੇਖਾ ਕਰਦੇ ਹਨ ਅਰ ਅਜਿਹੇ ਫੈਸਲਿਆਂ ਨੂੰ ਮਹੱਤਵ ਨਹੀਂ ਦਿੰਦੇ। ਸਾਨੂੰ ਅਜਿਹੇ ਮੁੱਦਿਆਂ ਦੀ ਪ੍ਰਮੇਸ਼ਵਰ ਦੇ ਲੋਕਾਂ ਨਾਲ ਚਰਚਾ ਕਰਕੇ ਮਸ਼ਹੂਰੀ ਨਹੀਂ ਕਰਨੀ ਚਾਹੀਦੀ। ਅੱਜ ਦੀ ਸਥਿਤੀ ਵਿੱਚ ਪ੍ਰਮੇਸ਼ਵਰ ਦੇ ਲੋਕਾਂ ਦੀ ਇਹੀ ਡਿਊਟੀ ਹੈ। ਪ੍ਰਮੇਸ਼ਵਰ ਇਹਨਾਂ ਹਲਾਤਾਂ ਨੂੰ ਬਦਲੇਗਾ। ਤਮਿਲ ਵਿੱਚ ਇੱਕ ਕਹਾਵਤ ਹੈ: 'ਚੋਰੀ ਨੂੰ ਸਿੱਖੋ ਅਰ ਭੁੱਲ ਜਾਓ'। ਪਰੰਤੂ 1 ਕੁਰਿੰਥੀਆਂ 2:2 ਵਿੱਚ ਅਸੀਂ ਪੜ੍ਹਦੇ ਹਾਂ, "ਮੈਂ ਇਹ ਠਾਣ ਲਿਆ ਹੈ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾਂ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾ"। 1 ਕੁਰਿੰਥੀਆਂ 10:1-12 ਵਿੱਚ

**CHIEF EDITORS**
Pastor S. Sam Selva Raj
Angeline Selvakumari Henry, M.A., M.Ed.
**MANAGING EDITOR**
Pastor Alex Samson Sam, B.Th., M.Div.
**ADMINISTRATION**
Bro. N. Prakasam, M.A., General Manager
**EDITORIAL BOARD**
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M. Phil., B.Ed.
Bro. J. R. Jayabalan
**ADVISORY BOARD**
Bro. N. Balaji, B.Com., B.L.
Dr. S. Rabinder Boaz, M.S.
Er. C.G.S. Baburao, B.Tech., M.Tech. (DM)
Dr. D. Dhaya Devadas
Bro. Jose Abraham
Bro. K. Puratchivendan, M.Com., B.L.
Bro. Thomas T. Jacob, B.Com., B.L.
**PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+91-44) 2852 8282
2852 9293, 2854 7766
Email : sam@echoofhiscall.org
biblecor@yahoo.co.in
Websites :
www.echoofhiscall.org
www.echoofhiscall.com

ਲਿਖਿਆ ਹੈ, "ਹੇ ਭਰਾਵੋ ਮੈਂ ਨਹੀ ਚਾਹੁੰਦਾ ਜੋ ਤੁਸੀਂ ਇਸ ਤੋਂ ਅਨਜਾਣ ਰਹੋ ਭਈ ਸਾਡੇ ਪਿਓ ਦਾਦੇ ਬੱਦਲ ਦੇ ਹੇਠ ਸਨ ਅਤੇ ਉਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ ਅਤੇ ਸਭਨਾ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ। ਸਭਨਾ ਨੇ ਇੱਕੋ ਆਤਮਕ ਭੋਜਨ ਖਾਧਾ ਅਤੇ ਸਭਨਾ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਉਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਉਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ। ਪਰੰਤੂ ਪ੍ਰਮੇਸ਼ਵਰ ਉਹਨਾਂ ਵਿੱਚੋਂ ਬਾਹਲਿਆਂ ਨਾਲ ਪ੍ਰਸੰਨ ਨਹੀਂ ਸੀ ਸੋ ਉਹ ਉਜਾੜ ਵਿੱਚ ਢਹਿ ਪਏ। ਅਤੇ ਇਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ ਭਈ ਅਸੀਂ ਮਾੜੀਆਂ ਗੱਲਾਂ ਦੀ ਕਾਮਨਾ ਨਾ ਕਰੀਏ ਜਿਵੇਂ ਉਹਨਾਂ ਨੇ ਕਾਮਨਾ ਕੀਤੀਆਂ ਸਨ। ਅਤੇ ਨਾ ਤੁਸੀਂ ਮੂਰਤੀਪੂਜਕ ਹੋਵੋ ਜਿਵੇਂ ਉਹਨਾਂ ਵਿੱਚੋਂ ਕਈ ਹੋਏ ਸਨ ਜਿਸ ਪ੍ਰਕਾਰ ਲਿਖਿਆ ਹੋਇਆ ਹੈ 'ਉਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ'। ਅਤੇ ਨਾ ਅਸੀਂ ਹਰਾਮਕਾਰੀ ਕਰੀਏ ਜਿਵੇਂ ਉਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕ ਦਿਨ ਵਿੱਚ ਤੇਈ ਹਜ਼ਾਰ ਜਣਿਆਂ ਦੇ ਸੱਥਰ ਲੱਥੇ ਅਤੇ ਨਾ ਅਸੀਂ ਪ੍ਰਭੂ ਨੂੰ ਪਰਤਾਈਏ ਜਿਵੇਂ ਉਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ ਨਾਸ ਹੋਏ। ਅਤੇ ਨਾ ਤੁਸੀਂ ਬੁੜ ਬੁੜ ਕਰੋ ਜਿਵੇਂ ਉਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ ਨਾਸ ਹੋਏ। ਸੋ ਇਹ ਗੱਲਾਂ ਉਹਨਾਂ ਉੱਤੇ ਨਸੀਹਤ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆ ਪੁੱਜੇ ਹਨ। ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕਿਤੇ ਡਿਗ ਨਾ ਪਵੇ"।

ਅਸੀਂ ਅਫ਼ਸੀਆਂ 5:3-8 ਵਿੱਚ ਵੀ ਪੜ੍ਹਦੇ ਹਾਂ, "ਪਰ ਹਰਾਮਕਾਰੀ ਅਤੇ ਹਰ ਭਾਂਤ ਦੇ ਗੰਦ ਮੰਦ ਅਥਵਾ ਲੋਭ ਦਾ ਤੁਹਾਡੇ ਵਿੱਚ ਨਾਉਂ ਵੀ ਨਾ ਹੋਵੇ ਜਿਵੇਂ ਸੰਤਾਂ ਨੂੰ ਜੋਗ ਹੈ ਅਤੇ ਨਾ ਬੇਸ਼ਰਮੀ ਨਾ ਮੂੜ ਬਚਨ ਅਥਵਾ ਠੱਠੇ ਬਾਜੀ ਜੋ ਅਜੋਗ ਹਨ ਪਰ ਧੰਨਵਾਦ ਹੋਇਆ ਕਰੇ ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਜਾਂ ਭ੍ਰਿਸ਼ਟ ਜਾਂ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪ੍ਰਮੇਸ਼ਵਰ ਦੇ ਰਾਜ ਵਿੱਚ ਅਧਕਾਰ ਨਹੀਂ। ਕੋਈ ਤੁਹਾਨੂੰ ਫੋਕੀਆਂ ਗੱਲਾਂ ਨਾਲ ਧੋਖਾ ਨਾ ਦੇਵੇ ਕਿਉਂ ਜੋ ਇਹਨਾਂ ਗੱਲਾਂ ਦੇ ਕਾਰਨ ਪ੍ਰਮੇਸ਼ਵਰ ਦਾ ਕੋਪ ਅਣਆਗਿਆਕਾਰੀ ਦੇ ਪੁੱਤਰਾਂ ਉੱਤੇ ਪੈਂਦਾ ਹੈ। ਸੋ ਤੁਸੀਂ ਉਹਨਾਂ ਦੇ ਸਾਂਝੀ ਨਾ ਹੋਵੋ। ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁੱਤਰਾਂ ਵਾਂਗ ਚੱਲੋ"।

ਜਿਵੇਂ ਕਿ ਬਾਈਬਲ ਦੱਸਦੀ ਹੈ ਸਾਰਾ ਸੰਸਾਰ ਸਰੀਰ ਅਤੇ ਸ਼ੈਤਾਨ ਦੇ ਅਧੀਨ ਹੋ ਗਿਆ ਹੈ। ਬੁੱਧੀਮਾਨ ਅਤੇ ਗਿਆਨੀ ਲੋਕ ਵੀ ਉਸ ਬੱਚੇ ਵਾਂਗ ਜੋ ਸੱਜੇ ਅਤੇ ਖੱਬੇ ਹੱਥ ਦੀ ਪਛਾਣ ਨਹੀਂ ਕਰਦਾ ਅੱਗ ਦੀ ਝੀਲ ਵੱਲ ਜਾ ਰਹੇ ਹਨ। ਪ੍ਰਮੇਸ਼ਵਰ ਦੇ ਲੋਕਾਂ ਦਾ ਪੂਰੇ ਹਿਰਦੇ ਦਾ ਸਮਰਪਣ ਹੀ ਇੱਕੋ ਮਾਰਗ੍ਹ ਹ

ਸੰਸਾਰ ਨੂੰ ਇਸ ਭਿਆਨਕ ਖਤਰੇ ਵਿੱਚੋਂ ਕੱਢਣ ਦੀ ਥਾਂ ਅੱਜ ਦੀਆਂ ਕਲੀਸਿਆਵਾਂ ਆਪਣਾ ਰਾਜ ਸਥਾਪਤ ਕਰਨ ਵਿੱਚ ਹੀ ਲੱਗੀਆਂ ਹੋਈਆਂ ਹਨ।ਅੱਜ ਦੀਆਂ ਕਲੀਸਿਆਵਾਂ ਵੱਡੀਆਂ ਵੱਡੀਆਂ ਇਮਾਰਤਾਂ ਖੜੀਆਂ ਕਰਨ, ਵੱਧ ਤੋਂ ਵੱਧ ਧਨ ਇਕੱਠਾ ਕਰਨ ਅਤੇ ਦੂਸਰੀਆਂ ਕਲੀਸਿਆਵਾਂ ਦੇ ਮੈਂਬਰਾਂ ਨੂੰ ਆਪਣੇ ਵੱਲ ਖਿੱਚਣ ਵਿੱਚ ਹੀ ਲੱਗੀਆਂ ਹੋਈਆਂ ਹਨ। ਕੀ ਇਹ ਦੁੱਖਦਾਈ ਨਹੀਂ ਕਿ ਚਰਚਾਂ ਵਿੱਚ ਇਹਨਾਂ ਗੱਲਾਂ ਨੂੰ ਕੇਵਲ ਮਹੱਤਵ ਹੀ ਨਹੀਂ ਦਿੱਤਾ ਜਾਂਦਾ ਬਲਕਿ ਸੰਸਾਰਕ ਢੰਗ ਨਾਲ ਦੂਸਰੇ ਚਰਚ ਦੇ ਵਿਸ਼ਵਾਸੀਆਂ ਨੂੰ ਚੁਰਾਉਣ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਅਤੇ ਸਿਖਲਾਈ ਵੀ ਦਿੱਤੀ ਜਾਂਦੀ ਹੈ? ਕੇਵਲ ਕਲੀਸਿਆ ਹੀ ਲੋਕਾਂ ਨੂੰ ਸੰਗਤੀ ਵਿੱਚ ਇੱਕਜੁਟ ਕਰ ਸਕਦੀ ਹੈ। ਪ੍ਰਮੇਸ਼ਵਰ ਦੇ ਹਰ ਬੱਚੇ ਨੂੰ ਤੌਬਾ ਕਰਕੇ ਦੇਸ਼ ਵਿੱਚ ਸੁਸਮਾਚਾਰ ਫੈਲਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

"ਇੱਕ ਅਚਰਜ ਅਤੇ ਭਿਆਨਕ ਗੱਲ ਦੇਸ਼ ਵਿੱਚ ਹੋਈ ਹੈ; ਨਬੀ ਝੂਠੇ ਅਗੰਮ ਵਾਚਦੇ ਹਨ, ਜਾਜਕ ਉਹਨਾ ਦੇ ਕਾਰਨ ਹੁਕਮ ਚਲਾਉਂਦੇ ਹਨ ਅਤੇ ਮੇਰੀ ਪਰਜਾ ਇਉਂ ਹੀ ਪਸੰਦ ਕਰਦੀ ਹੈ, ਪਰ ਜਦ ਓੜਕ ਹੋਵੇਗਾ ਤਾਂ ਤੁਸੀਂ ਕੀ ਕਰੋਗੇ?" (ਯਿਰਮਿਯਾਹ 5:30,31)।

"..ਛੋਟੇ ਤੋਂ ਲੈ ਕੇ ਵੱਡੇ ਤੀਕ ਸਾਰਿਆਂ ਦੇ ਸਾਰੇ ਨਫੇ ਦੇ ਲੋਭੀ ਹਨ ਅਤੇ ਨਬੀ ਤੋਂ ਲੈ ਕੇ ਜਾਜਕ ਤੀਕ ਸਾਰਿਆਂ ਦੇ ਸਾਰੇ ਧੋਖਾ ਕਰਦੇ ਹਨ। ਉਹਨਾਂ ਨੇ ਮੇਰੀ ਪਰਜਾ ਦੇ ਫੱਟਾਂ ਨੂੰ ਥੋੜਾ ਜਿਹਾ ਚੰਗਾ ਕੀਤਾ ਹੈ, ਉਹ ਆਖਦੇ ਹਨ ਸ਼ਾਂਤੀ ਸ਼ਾਂਤੀ! ਪਰ ਸ਼ਾਂਤੀ ਹੈ ਹੀ ਨਹੀਂ"।

ਯਹੋਵਾਹ ਇਉਂ ਆਖਦਾ ਹੈ: "ਤੁਸੀਂ ਰਾਹਾਂ ਵਿੱਚ ਖਲੋ ਜਾਓ ਅਰ ਵੇਖੋ ਅਤੇ ਪੁਰਾਣੇ ਰਸਤਿਆਂ ਲਈ ਪੁੱਛੋ, ਭਈ ਅੱਛਾ ਰਾਹ ਕਿੱਥੇ ਹੈ? ਤਾਂ ਉਹ ਦੇ ਵਿੱਚ ਚੱਲੋ। ਤੁਸੀਂ ਆਪਣੀਆਂ ਜਾਨਾਂ ਲਈ ਅਰਾਮ ਪਾਓਗੇ। ਪਰ ਉਹਨਾਂ ਆਖਿਆ, "ਅਸੀਂ ਉਸ ਵਿੱਚ ਨਾ ਚੱਲਾਂਗੇ" (ਯਿਰਮਿਯਾਹ 6:13,14,16)।

ਪ੍ਰਮੇਸ਼ਵਰ ਦੇ ਪਿਆਰੇ ਬੱਚਿਓ, ਪ੍ਰਮੇਸ਼ਵਰ ਦਾ ਨਿਆਂ ਆਉਣ ਹੀ ਵਾਲਾ ਹੈ। ਇਹ ਭਿਆਨਕ ਹੋਵੇਗਾ! ਖੁਦ ਨੂੰ ਉਸ ਲਈ ਤਿਆਰ ਕਰੋ! ਚੌਕਸ ਰਹੋ! ਧੋਖਾ ਨਾ ਖਾਓ। ਸਾਡਾ ਬੋਝ ਕੇਵਲ ਸੰਸਾਰ ਵਿੱਚ ਸੁਸਮਾਚਾਰ ਪੁਚਾਉਣਾ ਹੀ ਹੋਵੇ। ਸਾਡੇ ਦੇਸ਼ ਦਾ ਹਰੇਕ ਮਨੁੱਖ ਯਿਸੂ ਮਸੀਹ ਦੇ ਨਾਮ ਦੀ ਅਰਾਧਨਾ ਕਰੇ।

ਹੇ ਪ੍ਰਭੂ, ਸੁਸਮਾਚਾਰ ਪ੍ਰਚਾਰ ਹੀ ਮੇਰਾ ਬੋਝ ਬਣ ਜਾਵੇ!<br>
ਤੇਰਾ ਨਾਮ ਮੇਰੇ ਦੇਸ਼ ਵਿੱਚ ਘੋਸ਼ਿਤ ਕੀਤਾ ਜਾਵੇ!!<br>
ਇਹ ਤੁਹਾਡੇ ਹਿਰਦੇ ਦਾ ਅਸਲੀ ਬੋਝ ਬਣ ਜਾਵੇ<br>
ਇੱਕ ਹੀ ਜੀਵਨ ਹੈ<br>
ਜੋ ਬਹੁਤ ਤੇਜੀ ਨਾਲ ਬੀਤ ਰਿਹਾ ਹੈ<br>
ਤੁਸੀਂ ਜੋ ਕੁੱਝ ਪ੍ਰਮੇਸ਼ਵਰ ਲਈ ਕੀ ਕਰ ਰਹੇ ਹੋ<br>
ਕੇਵਲ ਓਹੀ ਅੰਤ ਤੀਕ ਕਾਇਮ ਰਹੇਗਾ!

ਅਸੀਂ ਤੁਹਾਡੇ ਉੱਤਰਾਂ ਦੀ ਉਮੀਦ ਕਰਦੇ ਹਾਂ। ਅਸੀਂ ਤੁਹਾਡੇ ਲਈ ਦੁਆ ਕਰਦੇ ਹਾਂ। ਕਿਰਪਾ ਕਰਕੇ ਸਾਡੇ ਲਈ ਵੀ ਦੁਆ ਕਰੋ।

ਮਸੀਹ ਵਿੱਚ ਤੁਹਾਡਾ ਭਰਾ,<br>
ਐੱਸ. ਸੈਮ ਸੇਲਵਾ ਰਾਜ।

---

(ਚਲਦਾ ਸਫਾ 1 ਤੋਂ)

ਕਰ ਰਿਹਾ ਹੈ..." (2 ਥੱਸਲੁਨੀਕੀਆਂ 2:7)। ਉਹ ਆਖ ਰਿਹਾ ਹੈ ਕਿ ਪਾਪ ਦਾ ਗੁੱਝਾ ਰੂਪ ਹੁਣ ਵੀ ਕੰਮ ਕਰ ਰਿਹਾ ਹੈ ਅਤੇ ਇਹ ਮਸੀਹ ਵਿਰੋਧੀ ਨੂੰ ਲਿਆਵੇਗਾ। ਇਸੇ ਤਰਾਂ ਪਾਪ ਦਾ ਆਤਮਾ ਭਟਕੀ ਹੋਈ ਮਨੁੱਖਤਾ ਉੱਪਰ ਆ ਪਵੇਗਾ ਅਤੇ ਉਹਨਾਂ ਦੇ ਦਿਲਾਂ ਨੂੰ ਇਸ ਤਰਾਂ ਜਕੜ ਲਵੇਗਾ ਕਿ ਕੁਧਰਮ ਦਾ ਪੁਰਖ ਝੱਟ ਤਾਕਤ ਵਿੱਚ ਆ ਜਾਵੇਗਾ।

ਪੌਲੁਸ ਦੇ ਕਥਨ, "ਕੁਧਰਮ ਦਾ ਭੇਤ" ਦਾ ਇੱਕ ਹੋਰ ਵੀ ਅਰਥ ਹੈ। ਇਸ ਯੂਨਾਨੀ ਭਾਸ਼ਾ ਦੇ ਸ਼ਬਦ ਦਾ ਅਰਥ ਹੈ "ਸ਼ਾਂਤ ਸ਼ੁਰੂਆਤ"। ਪੌਲੁਸ ਮਸੀਹ ਵਿੱਰੋਧੀ ਦੇ ਸਮੂਹ ਦੀ ਇੱਕ ਗੁੱਝੀ ਸ਼ੁਰੂਆਤ ਬਾਰੇ ਗੱਲ ਕਰ ਰਿਹਾ ਹੈ- ਉਸਦੇ ਸਮੇਂ ਵਿੱਚ ਹੀ ਉਹ ਇੱਕ ਗੁੱਝੇ ਸ਼ੈਤਾਨੀ ਪ੍ਰਭਾਵ ਨੂੰ ਵੇਖ ਰਿਹਾ ਸੀ।

ਇਸ ਸਮੇਂ, ਇਹੀ ਭੇਤ ਦਾ ਆਤਮਾ ਲੋਕਾਂ ਨੂੰ ਪੂਰੀ ਤਾਕਤ ਨਾਲ ਕਾਬੂ ਕਰਕੇ ਕੁਧਰਮ ਦੇ ਪੁਰਖ ਦੇ ਸਵਾਗਤ ਲਈ ਤਿਆਰ ਕਰ

ਰਿਹਾ ਹੈ। ਰੋਜਾਨਾਂ, ਬੜੇ ਗੁੱਝੇ ਅਤੇ ਸ਼ਾਂਤ ਢੰਗ ਨਾਲ ਹਜ਼ਾਰਾਂ ਲੋਕਾਂ ਦੇ ਦਿਮਾਗ ਭਰਿਸ਼ਟ ਕੀਤੇ ਜਾ ਰਹੇ ਹਨ ਕਿ ਉਹਨਾਂ ਨੂੰ ਕੁਧਰਮ ਦੇ ਪੁਰਖ ਦੇ ਸਮੂਹ ਵਿੱਚ ਸ਼ਾਮਿਲ ਕੀਤਾ ਜਾਵੇ। ਅਤੇ ਇਹ ਕੰਮ ਇੰਨੀ ਤੇਜੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਰਿਹਾ ਹੈ ਕਿ ਕੁਧਰਮ ਦੇ ਪੁਰਖ ਦਾ ਤਾਕਤ ਵਿੱਚ ਆਉਣਾ ਬਹੁਤਾ ਦੂਰ ਨਹੀਂ।

ਪ੍ਰਭੂ ਯਿਸੂ ਦੇ ਆਉਣ ਤੋਂ ਪਹਿਲਾਂ ਮਸੀਹ ਵਿਰੋਧੀ ਦੇ ਭੌਤਿਕ ਪ੍ਰਗਟਾਵੇ ਦੀ ਸਾਨੂੰ ਲੋੜ ਨਹੀਂ। ਉਸਦੀ ਸ਼ੈਤਾਨੀ ਆਤਮਾ ਉਹਨਾਂ ਹਜ਼ਾਰਾਂ ਲੋਕਾਂ ਅੰਦਰ ਪਰਗਟ ਹੋ ਚੁੱਕੀ ਹੈ ਜਿਨ੍ਹਾਂ ਦੇ ਦਿਮਾਗ ਉਸਨੇ ਭਰਿਸ਼ਟ ਕਰ ਸੁੱਟੇ ਹਨ।

## ਪੌਲੁਸ "ਕੁਧਰਮ ਦੇ ਭੇਤ" ਦੀ ਪੂਰੀ ਵਿਆਖਿਆ ਕਰਦਾ ਹੈ

ਪੌਲੁਸ ਆਖਦਾ ਹੈ ਕਿ ਭੇਤ ਇਹ ਹੈ: ਸ਼ੈਤਾਨ ਬਹੁਤਿਆਂ ਨੂੰ ਭਰਮਾਵੇਗਾ ਅਤੇ ਕੁਧਰਮ ਦੀਆਂ ਗਹਿਰਾਈਆਂ ਵਿੱਚ ਲੈ ਜਾਵੇਗਾ। "ਕੁਧਰਮ" ਲਈ ਪੌਲੁਸ ਇੱਥੇ ਜੋ ਸ਼ਬਦ ਇਸਤੇਮਾਲ ਕਰਦਾ ਹੈ ਉਸਦਾ ਅਰਥ ਹੈ ਕਾਨੂੰਨ ਵਿਰੋਧੀ ਅਰ ਧਰਮ ਵਿਰੋਧੀ। ਇਸ ਲਈ ਕੁਧਰਮ ਦਾ ਭੇਤ ਹੈ– ਅਨਗਿਣਤ ਲੋਕ ਬਿਨਾਂ ਕਿਸੇ ਕਾਨੂੰਨ ਅਤੇ ਰੋਕ-ਟੋਕ ਦੇ ਕੰਮ ਕਰਨਗੇ।

ਹਾਲਾਂਕਿ ਇਹ ਕੁਧਰਮ ਕੇਵਲ ਕਿਸੇ ਮਨੁੱਖੀ ਹਕੂਮਤ ਦੇ ਵਿਰੁੱਧ ਨਹੀਂ ਹੈ। ਨਾ ਹੀ ਇਸਦਾ ਮਤਲਬ ਕਿਸੇ ਸਮਾਜਿਕ ਇਖ਼ਤਿਆਰ ਖਿਲਾਫ਼ ਵਿਦਰੋਹ ਕਰਨਾ ਜਾਂ ਕੋਈ ਡਾਕਾ, ਬਲਾਤਕਾਰ ਜਾਂ ਹੱਤਿਆ ਕਰਨਾ ਹੈ। ਇਹ ਬੁਰਾਈਆਂ ਵੀ ਪ੍ਰਮੇਸ਼ਵਰ ਦੇ ਕ੍ਰੋਧ ਨੂੰ ਭੜਕਾਉਂਦੀਆਂ ਹਨ। ਪਰੰਤੂ ਕੁਧਰਮ ਦਾ ਭੇਤ ਬਹੁਤ ਗੁੱਝਾ ਹੈ। ਇਹ ਉਸ ਸੱਚਾਈ ਦਾ ਤਿਆਗ ਹੈ ਜੋ ਮਸੀਹ ਵਿੱਚ ਹੈ–ਇਹ ਪ੍ਰਮੇਸ਼ਵਰ ਦੇ ਪਵਿੱਤਰ ਵਚਨ ਅਤੇ ਹੁਕਮਾਂ ਨੂੰ ਇੱਕ ਪਾਸੇ ਕਰ ਦੇਣਾ ਹੈ। ਇਹ ਪਵਿੱਤਰ ਬਾਣੀ ਵਿਰੁੱਧ ਵਿਦਰੋਹ ਹੈ।

ਕੁਧਰਮ ਦੀ ਇਹ ਆਤਮਾ ਸਾਡੇ ਦੇਸ਼ ਵਿੱਚ ਪੂਰੀ ਤਰਾਂ ਫੈਲ ਚੁੱਕੀ ਹੈ। ਇਹੀ ਉਸ ਕਾਨੂੰਨ ਦੇ ਪਿੱਛੇ ਦੀ ਤਾਕਤ ਹੈ ਜੋ ਪ੍ਰਮੇਸ਼ਵਰ ਨੂੰ ਸਾਡੇ ਸਮਾਜ ਵਿੱਚੋਂ ਕੱਢ ਦੇਣਾ ਚਾਹੁੰਦੀ ਹੈ। ਇਹ ਓਹੀ ਆਤਮਾ ਹੈ ਜਿਸ ਨਾਲ ਸ਼ੈਤਾਨ ਨੇ ਹਵਾ ਨੂੰ ਭਰਮਾਇਆ। ਉਸਨੇ ਹਵਾ ਨੂੰ ਆਖਿਆ, "ਪ੍ਰਮੇਸ਼ਵਰ ਭਲਾ ਹੈ, ਉਹ ਅਣਆਗਿਆਕਾਰੀ ਲਈ ਤੁਹਾਨੂੰ ਸਜ਼ਾ ਨਹੀਂ ਦੇਵੇਗਾ। ਤੁਸੀਂ ਇਹ ਫਲ ਖਾ ਕੇ ਆਪਣੀਆਂ ਵਾਸਨਾਵਾਂ ਪਿੱਛੇ ਜਾ ਸਕਦੇ ਹੋ। ਤੁਹਾਨੂੰ ਇਸਦੀ ਕੀਮਤ ਚੁਕਾਉਣੀ ਨਹੀਂ ਪਵੇਗੀ"।

ਇਹ ਨਰਕ ਦਾ ਇੱਕ ਮਾਰੂ ਝੂਠ ਸੀ। ਅਤੇ ਅੱਜ ਵੀ ਸ਼ੈਤਾਨ ਆਪਣੇ ਕੁਧਰਮ ਦੇ ਭੇਤ ਨੂੰ ਵਧਾਉਣ ਲਈ ਇਸ ਝੂਠ ਨੂੰ ਮਸੀਹੀਆਂ ਖਿਲਾਫ ਵਰਤ ਰਿਹਾ ਹੈ। ਹਰ ਰੋਜ਼ ਉਹ ਉਹਨਾਂ ਨੂੰ ਆਖਦਾ ਹੈ ਕਿ ਉਹ ਬਿਨਾਂ ਕੋਈ ਕੀਮਤ ਚੁਕਾਏ ਲਗਾਤਾਰ ਆਪਣੇ ਪਾਪਾਂ ਨੂੰ ਕਰ ਸਕਦੇ ਹਨ। ਇਹ ਸ਼ੈਤਾਨ ਦੀ ਚਾਲ ਹੈ ਜਿਸ ਅਨੁਸਾਰ

(ਚਲਦਾ ਸਫ਼ਾ 6–)


# ECHO OF HIS CALL

**Monthly magazines in 16 languages, Bible Colleges, Postal Courses, Church Planting, Village English High School, Gospel Printing Press, Crusades, Seminars, Social Services, etc.**

**Annual Subscription : Rs. 100/-    Life Subscription : Rs. 2000/-**

The multifarious activities of **Echo of His Call Ministry** is supported by the free-will offerings and donations of the God's children like you. You may support **Echo of His Call** and its activities as the Lord leads you. We need your help to send forth the Gospel to the unreached people and plant Churches.

If you would like to receive **ECHO OF HIS CALL** magazines regularly, please write to us. Whenever you change your postal or e-mail addresses, please do inform us your old and new addresses.

**Echo of His Call** is available in 16 languages in our websites also. You can read it by going into the site as well as downloading it and get blessed.

Your letters, prayer requests and your financial helps (by D.D., Cheque, M.O. etc.) to **ECHO OF HIS CALL** may be sent to the address below.

Please send your **Land Phone / Cell Phone Numbers and E.mail addresses** for updation.

## ECHO OF HIS CALL

10, Mohammed Abdullah 2nd Street, Chepauk, Chennai- 600 005, India.

**Phone :**(+ 91- 44) 2852 8282, 2852 9293, 2854 7766

**Cell :**(+91) 98410 71852, 95661 31858

**Email :** sam@echoofhiscall.org / biblecor@yahoo.co.in

**Websites :** www.echoofhiscall.org / www.echoofhiscall.com

**YOU CAN SEND YOUR DONATIONS ON ONLINE ALSO**


**The details of our Bank Accounts are given below. Please inform us the details of your remittances.**

| Bank | Branch | Name | IFSC Code No. | Account Number |
|---|---|---|---|---|
| 1. STATE BANK OF INDIA | Triplicane, Chennai -5 | S. Sam Selva Raj | SBIN 0000249 | 102329 34679 |
| 2. ICICI BANK | Anna Salai, Chennai -2 | Echo of His Call | ICIC 0006038 | 6038 05022319 |

GREAT COMMISSION PARTNERS -ਮਹਾਨ ਉਦੇਸ਼ ਸਹਿਭਾਗੀ

TO SHARE (Galatians 6:2), SUPPORT (Romans 12:13) & SPEEDUP (II Timothy 1:6)
ਵੰਡਣਾ (ਗਲਾਤੀਆਂ ੬:੨), ਸਹਾਇਤਾ ਕਰਨਾ(ਰੋਮੀਆਂ ੧੨:੧੩) ਅਤੇ ਤੇਜੀ ਕਰਨਾ (੨ਤਿਮੋਥੀਅਸ ੧:੬)

ਪ੍ਰਾਰਥਨਾ ਅਤੇ ਤਾਰੀਫ ਦੇ ਮੁੱਦੇ

## 19 ਨਵੰਬਰ 2018 ਤੋਂ 18 ਦਸੰਬਰ 2018 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਪ੍ਰਮੇਸ਼ਵਰ ਕੰਮ ਕਰ ਰਿਹਾ ਹੈ!
## ਵਡਿਆਈ ਦੇ ਮੁੱਦੇ

19 ਨਵੰਬਰ: ਪ੍ਰਮੇਸ਼ਵਰ ਸਾਡੀ ਹਸਪਤਾਲ ਸੇਵਕਾਈ ਵਿੱਚ ਚਮਤਕਾਰ ਕਰ ਰਿਹਾ ਹੈ।

20 ਨਵੰਬਰ: ਬਹੁਤ ਸਾਰੀਆਂ ਰੂਹਾਂ ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਵਿੱਚ ਸ਼ਾਮਲ ਹੋਈਆਂ ਹਨ।

21 ਨਵੰਬਰ: ਪ੍ਰਮੇਸ਼ਵਰ ਨੇ ਸਾਲ 2019 ਲਈ ਬੁਲਾਵੇ ਦੀ ਗੂੰਜ ਕੈਲੰਡਰ ਬਣਾਉਣ ਵਿੱਚ ਸਾਡੀ ਮਦਦ ਕੀਤੀ।

22 ਨਵੰਬਰ: ਸਾਡੇ ਨਹਮਯਾਹ ਬਾਈਬਲ ਕਾਲਜਾਂ ਦੇ ਲੈਕਚਰਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

23 ਨਵੰਬਰ: ਪ੍ਰਮੇਸ਼ਵਰ ਸਾਡੇ ਮੁੱਖ ਚਰਚ ਦੀਆਂ 5 ਭਾਸ਼ਾਵਾਂ ਵਿੱਚ ਚੱਲਦੀਆਂ 7 ਸਭਾਵਾਂ ਨੂੰ ਬਰਕਤ ਦੇ ਰਿਹਾ ਹੈ।

24 ਨਵੰਬਰ: ਪ੍ਰਮੇਸ਼ਵਰ ਨੇ ਸਾਡੇ ਛਾਪੇਖਾਨੇ ਵਿੱਚ 16 ਭਾਸ਼ਾਵਾਂ ਵਿੱਚ ਛਪਦੇ ਸੁਸਮਾਚਾਰ ਸਾਹਿਤ ਨੂੰ ਬਰਕਤ ਦਿੱਤੀ ਅਤੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

25 ਨਵੰਬਰ: ਅਸੀਂ ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

26 ਨਵੰਬਰ: ਅਸੀਂ ਬੁਲਾਵੇ ਦੀ ਗੂੰਜ ਮਾਸਿਕ ਪੱਤ੍ਰਿਕਾ ਨੂੰ 16 ਭਾਸ਼ਾਵਾਂ ਵਿੱਚ ਪੜ੍ਹਦੇ ਪਾਠਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

27 ਨਵੰਬਰ: ਸਾਡੇ ਚਰਚਾਂ ਦੇ ਏਲਡਰਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

28 ਨਵੰਬਰ: ਪ੍ਰਮੇਸ਼ਵਰ ਮਿਸ਼ਨ ਖੇਤਰਾਂ ਵਿੱਚ ਸਾਡੇ ਕਰਮੀਆਂ ਨੂੰ ਸੰਭਾਲ ਰਿਹਾ ਹੈ।

29 ਨਵੰਬਰ: ਸਾਡੇ ਸੰਚਾਲਕਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੀਏ।

30 ਨਵੰਬਰ: ਸਾਡਾ ਪ੍ਰਭੂ ਸਾਡੇ ਸੀਨਿਅਰ ਪਾਸਟਰ ਐੱਸ. ਸੈਮ ਸੇਲਵਾ ਰਾਜ ਅਤੇ ਪਰਿਵਾਰ ਨੂੰ ਸਭ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖ ਰਿਹਾ ਹੈ।

01 ਦਸੰਬਰ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਗਤੀਵਿਧੀਆਂ ਨੂੰ ਬਰਕਤ ਦਿੱਤੀ।

02 ਦਸੰਬਰ: ਪ੍ਰਮੇਸ਼ਵਰ ਨੇ ਇਸ ਸਾਲ ਹੋਰ ਲਿਟ੍ਰੇਚਰ ਤਿਆਰ ਕਰਨ ਵਿੱਚ ਸਾਡੀ ਮਦਦ ਕੀਤੀ।

03 ਦਸੰਬਰ: ਪ੍ਰਮੇਸ਼ਵਰ ਨੇ ਸਿਸ. ਜੇਸੀ ਵੀਨਾ ਸੈਮ ਦੀ ਸੇਹਤ ਵਿੱਚ ਸੁਧਾਰ ਕੀਤਾ ਹੈ।

## ਪ੍ਰਾਰਥਨਾ ਦੇ ਮੁੱਦੇ

04ਦਸੰਬਰ: ਪ੍ਰਮੇਸ਼ਵਰ ਇਸ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਦੀਆਂ ਸਭ ਆਰਥਿਕ ਲੋੜਾਂ ਨੂੰ ਪੂਰਾ ਕਰੇ।

05 ਦਸੰਬਰ: ਪ੍ਰਮੇਸ਼ਵਰ ਲੋਕਾਂ ਦੇ ਮਨਾਂ ਵਿੱਚ ਆਪਣਾ ਭੈ ਪੈਦਾ ਕਰੇ।

06 ਦਸੰਬਰ: ਪ੍ਰਮੇਸ਼ਵਰ ਕਲੀਸਿਆਵਾਂ ਵਿੱਚੋਂ ਗਲਤ ਉਪਦੇਸ਼ਾਂ ਨੂੰ ਖਤਮ ਕਰੇ।

07 ਦਸੰਬਰ: ਪ੍ਰਮੇਸ਼ਵਰ ਸੰਸਾਰ ਵਿੱਚ ਇੱਕ ਜ਼ੋਰਦਾਰ ਬੇਦਾਰੀ ਭੇਜੇ।

08 ਦਸੰਬਰ: ਅਸੀਂ ਸੰਸਾਰ ਭਰ ਵਿੱਚ ਨਾਸ਼ ਹੋ ਰਹੀਆਂ ਰੂਹਾਂ ਦੀ ਮੁਕਤੀ ਲਈ ਪ੍ਰਾਰਥਨਾ ਕਰੀਏ।

09 ਦਸੰਬਰ: ਸਾਡਾ ਨਵਾਂ ਪ੍ਰੋਜੈਕਟ ਰੋਜ਼ ਦਾ ਸਵਰਗੀ ਮੰਨਾਂ ਜਲਦੀ ਹੀ ਪ੍ਰਕਾਸ਼ਿਤ ਹੋਣ ਵਾਲਾ ਹੈ। ਉਸ ਲਈ ਪ੍ਰਾਰਥਨਾ ਕਰੋ।

10 ਦਸੰਬਰ: ਅਸੀਂ ਸਾਡੇ ਬੁਨਿਆਦੀ ਬਾਈਬਲ ਪੱਤਰ ਵਿਹਾਰ ਕੋਰਸ ਅਤੇ ਥਿਆਲੋਜਿਕਲ ਪੱਤਰ ਵਿਹਾਰ ਕੋਰਸ ਲਈ ਪ੍ਰਾਰਥਨਾ ਕਰੀਏ।

11 ਦਸੰਬਰ: ਅਸੀਂ ਪ੍ਰਮੇਸ਼ਵਰ ਦੇ ਸੇਵਕਾਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰੀਏ।

12 ਦਸੰਬਰ: ਅਸੀਂ ਸਮੁੱਚੇ ਸੰਸਾਰ ਦੀ ਸ਼ਾਂਤੀ ਲਈ ਪ੍ਰਾਰਥਨਾ ਕਰੀਏ।

13 ਦਸੰਬਰ: ਅਸੀਂ ਸਾਡੇ ਪ੍ਰਾਰਥਨਾ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਮਹਾਂ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰੀਏ।

14 ਦਸੰਬਰ: ਪ੍ਰਮੇਸ਼ਵਰ ਸਾਡੀਆਂ ਸਭ ਕਲੀਸਿਆਵਾਂ ਦੀਆਂ ਲੋੜਾਂ ਨੂੰ ਪੂਰਾ ਕਰੇ।

15 ਦਸੰਬਰ: ਅਸੀਂ ਸੰਸਾਰ ਭਰ ਦੇ ਟੈਲੀਵਿਜ਼ਨ ਪ੍ਰਚਾਰਕਾਂ ਲਈ ਪ੍ਰਾਰਥਨਾ ਕਰੀਏ।

16 ਦਸੰਬਰ: ਪ੍ਰਮੇਸ਼ਵਰ ਪਿੰਡ ਵਿੱਚ ਚੱਲਦੇ ਸਾਡੇ ਸੇਂਟ ਪੌਲ ਮੈਟ੍ਰਿਕੁਲੇਸ਼ਨ ਸਕੂਲ ਨੂੰ ਬਰਕਤ ਦੇਵੇ।

17 ਦਸੰਬਰ: ਪ੍ਰਮੇਸ਼ਵਰ ਸਾਡੀ ਮਿਨਿਸਟਰੀ ਟੀਮ ਦੇ ਸਭ ਮੈਂਬਰਾਂ ਨੂੰ ਸੁਰੱਖਿਅਤ ਰੱਖੇ।

18 ਦਸੰਬਰ: ਪ੍ਰਮੇਸ਼ਵਰ ਸਭ ਬੱਚਿਆਂ ਨੂੰ ਆਤਮਿਕ ਅਤੇ ਸਰੀਰਕ ਤੌਰ ਤੇ ਬਰਕਤ ਦੇਵੇ।

(ਚਲਦਾ ਸਫਾ 4 ਤੋਂ)

ਉਹ ਮਸੀਹ ਦੇ ਫ਼ਜ਼ਲ ਦੇ ਸੁਸਮਾਚਾਰ ਨੂੰ ਦੁਰਾਚਾਰ ਦੇ ਸੰਦੇਸ਼ ਵਿੱਚ ਬਦਲ ਰਿਹਾ ਹੈ।

ਬਦਕਿਸਮਤੀ ਨਾਲ ਬਹੁਤ ਸਾਰੇ ਗੁਣਗੁਣੇ ਮਸੀਹੀ ਕੁਧਰਮ ਦੀ ਇਸ ਆਤਮਾ ਦੇ ਗੁਲਾਮ ਬਣ ਰਹੇ ਹਨ। ਕੁਝ ਤਾਂ ਮਸੀਹ ਵਿਰੋਧੀ ਦੇ ਗੁੱਟ ਵਿੱਚ ਸ਼ਾਮਿਲ ਵੀ ਹੋ ਚੁੱਕੇ ਹਨ। ਉਹ ਪੂਰੀ ਤਰਾਂ ਤਿਆਰ ਹੋ ਚੁੱਕੇ ਹਨ ਕਿ ਜਦੋਂ ਕੁਧਰਮ ਦਾ ਪੁਰਖ ਆਵੇ ਅਤੇ ਚਮਤਕਾਰ ਵਿਖਾਵੇ ਅਰ ਪਰੇਸ਼ਾਨੀਆਂ ਦਾ ਹੱਲ ਕਰੇ ਤਾਂ ਉਹ ਉਸਨੂੰ ਸਵੀਕਾਰ ਕਰਨ।

ਤੁਸੀਂ ਸੋਚ ਸਕਦੇ ਹੋ ਕਿ ਮੈਂ ਮਸੀਹ ਵਿਰੋਧੀ ਦੇ ਪਿੱਛੇ ਚੱਲਣ ਲਈ ਗੁਮਰਾਹ ਨਹੀਂ ਹੋ ਸਕਦਾ, ਪਰੰਤੂ ਪੌਲੁਸ ਆਖਦਾ ਹੈ ਕਿ ਮਸੀਹ ਵਿਰੋਧੀ ਇਸ ਕਰਕੇ ਤਾਕਤ ਵਿੱਚ ਆਵੇਗਾ ਕਿਉਂਕਿ ਲੋਕ ਆਪਣੇ ਖੁਦ ਦੇ ਪਾਪਾਂ ਕਾਰਨ ਅੰਨ੍ਹੇ ਅਤੇ ਗੁਮਰਾਹ ਹੋ ਜਾਣਗੇ: "…ਸ਼ੈਤਾਨ ਦਾ ਕੰਮ ਹਰ ਪ੍ਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਚਰਜਾਂ ਨਾਲ ਹੋਵੇਗਾ ਨਾਲੇ ਉਹਨਾਂ ਲਈ ਜਿਹੜੇ ਨਾਸ ਹੋ ਰਹੇ ਹਨ ਕੁਧਰਮ ਦੇ ਹਰ ਪ੍ਰਕਾਰ ਦੇ ਛਲ ਨਾਲ, ਇਸ ਕਾਰਨ ਜੋ ਉਹਨਾਂ ਨੇ ਸੱਚਾਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਉਹਨਾਂ ਦੀ ਮੁਕਤੀ ਹੋ ਜਾਂਦੀ" (2 ਥੱਸਲੁਨੀਕੀਆਂ 2:9-10)।

ਸ਼ੈਤਾਨ ਬਹੁਤ ਸਾਰੇ ਲੋਕਾਂ ਨੂੰ ਇੱਕ ਸ਼ਕਤੀਸ਼ਾਲੀ ਝੂਠ ਰਾਹੀਂ ਭਰਮਾ ਲਵੇਗਾ। ਉਸਦਾ ਝੂਠ ਕੀ ਹੋਵੇਗਾ? ਉਹ ਸੰਸਾਰ ਨੂੰ ਇਹ ਯਕੀਨ ਦਿਲਾਵੇਗਾ ਕਿ "ਪ੍ਰਮੇਸ਼ਵਰ ਪਾਪ ਦੀ ਸਜ਼ਾ ਨਹੀਂ ਦੇਵੇਗਾ!"

ਪੌਲੁਸ ਆਖਦਾ ਹੈ, ਇਹ ਧੋਖਾ ਆਵੇਗਾ, "…ਹਰ ਪ੍ਰਕਾਰ ਦੇ ਛਲ ਨਾਲ, ਇਸ ਕਾਰਨ ਜੋ ਉਹਨਾਂ ਨੇ ਸੱਚਾਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਉਹਨਾਂ ਦੀ ਮੁਕਤੀ ਹੋ ਜਾਂਦੀ" (ਆਇਤ 10)। ਉਹ ਅੱਗੇ ਆਖਦਾ ਹੈ, ਇਸੇ ਕਰਕੇ (ਕਾਰਨ) ਪ੍ਰਮੇਸ਼ਵਰ ਉਹਨਾਂ ਉੱਤੇ ਧੋਖੇ ਦਾ ਅਸਰ ਘੱਲਦਾ ਹੈ ਭਈ ਉਹ ਝੂਠ ਨੂੰ ਸੱਚ ਮੰਨਣ" (ਆਇਤ 11)।

ਰਸੂਲ ਆਖ ਰਿਹਾ ਹੈ, "ਜਿਹੜੇ ਲੋਕ ਪ੍ਰਮੇਸ਼ਵਰ ਦੇ ਵਚਨ ਨੂੰ ਮੰਨਣ ਅਤੇ ਸਤਿਕਾਰ ਦੇਣ ਦਾ ਇਨਕਾਰ ਕਰਦੇ ਹਨ ਉਹ ਸਭ ਧੋਖਾ ਖਾਣਗੇ। ਪਹਿਲਾਂ ਉਹ ਆਪਣੇ ਪਾਪ ਦੀ ਵਡਿਆਈ ਕਰਨਗੇ। ਉਸਨੂੰ ਸਹੀ ਠਹਿਰਾਉਣਗੇ। ਅਤੇ ਜਲਦੀ ਹੀ ਉਹ ਅਸਾਨੀ ਨਾਲ ਮਿਲਣ ਵਾਲੀ ਕਿਰਪਾ ਦੇ ਸੰਦੇਸ਼ਾਂ ਨੂੰ ਭਾਲਣਗੇ। ਉਹ ਅਜਿਹੀ ਕਿਰਪਾ ਦੀ ਖੋਜ ਕਰਨਗੇ ਕਰਨਗੇ ਜਿਹੜੀ ਪ੍ਰਮੇਸ਼ਵਰ ਦੀ ਕਿਰਪਾ ਤੋਂ ਬਿਲਕੁਲ ਭਿੰਨ ਹੋਵੇਗੀ।ਪ੍ਰਮੇਸ਼ਵਰ ਦੀ ਕਿਰਪਾ ਪਾਪ ਦਾ ਲਾਇਸੈਂਸ ਨਹੀਂ ਦਿੰਦੀ ਬਲਕਿ ਤੌਬਾ ਤੱਕ ਲੈ ਕੇ ਜਾਂਦੀ ਹੈ"।

**ਸੰਸਾਰ ਇਸ ਵੇਲੇ ਇੱਕ ਵੱਡੇ ਧੋਖੇ ਦੇ ਅਧੀਨ ਹੈ!**

ਸੰਸਾਰ ਇਸ ਵੇਲੇ ਸ਼ੈਤਾਨੀ ਝੂਠ ਦੇ ਭਰਮਾਵੇ ਦੀ ਤਾਕਤ ਹੇਠ ਹੈ। ਇਸਤੋਂ ਪਹਿਲਾਂ ਕਿ ਮੈਂ ਕੁਝ ਬੋਲਾਂ, ਤੁਸੀਂ ਜਾਣ ਲਓ ਕਿ ਮੈਂ ਇੱਕ ਲੋਕਤੰਤਰਵਾਦੀ ਜਾਂ ਗਣਤੰਤਰਵਾਦੀ ਵੱਜੋਂ ਇਹ ਨਹੀਂ ਬੋਲ ਰਿਹਾ। ਮੇਰੀਆਂ ਗੱਲਾਂ ਦਾ ਰਾਜਨੀਤੀ ਨਾਲ ਕੁੱਝ ਵੀ ਸੰਬੰਧ ਨਹੀਂ, ਪਰੰਤੂ ਆਤਮਿਕ ਸੱਚਾਈ ਨਾਲ ਸੰਬੰਧ ਹੈ। ਸੱਚਾਈ ਇਹ ਹੈ ਕਿ ਸਾਡੇ ਦੇਸ਼ ਦੇ ਲੀਡਰਾਂ ਨੇ ਪ੍ਰਮੇਸ਼ਵਰ ਦੇ ਵਚਨ ਨੂੰ ਦਰਕਿਨਾਰ ਕਰ ਦਿੱਤਾ ਹੈ ਅਤੇ ਉਹਨਾਂ ਅੰਦਰ ਬਾਈਬਲ ਦੀਆਂ ਸੱਚਾਈਆਂ ਦੀ ਕੋਈ ਇੱਜ਼ਤ ਨਹੀਂ ਹੈ।ਅਤੇ ਹੁਣ ਪ੍ਰਮੇਸ਼ਵਰ ਨੇ ਸਾਡੇ ਉੱਤੇ ਧੋਖੇ ਦੇ ਅਸਰ ਨੂੰ ਘੱਲਿਆ ਹੈ। ਸ਼ੈਤਾਨ ਇਸ ਝੂਠ ਨਾਲ ਕਿ, 'ਸ਼ਾਂਤੀ ਹੈ' ਸੰਸਾਰ ਨੂੰ ਗੁਮਰਾਹ ਕਰ ਰਿਹਾ ਹੈ। ਵਿਚਾਰ ਇਹ ਹੈ ਕਿ ਅਸੀਂ ਨਤੀਜੇ ਦੀ ਪਰਵਾਹ ਕੀਤੇ ਬਿਨਾਂ, ਜੋ ਸਾਨੂੰ ਚੰਗਾ ਲਗਦਾ ਹੈ, ਕਰ ਸਕਦੇ ਹਾਂ। ਇਸ ਧੋਖੇ ਅਧੀਨ ਅਸੀਂ ਸੀਮਾ ਲੰਘ ਚੁੱਕੇ ਹਾਂ ਅਰ ਹੁਣ ਨਿਆਂ ਦਾ ਹੋਣਾ ਅਟੱਲ ਹੈ।

ਪੌਲੁਸ ਇਸ ਈਸ਼ਵਰੀ ਨਿਆਂ ਬਾਰੇ ਰੋਮੀਆਂ 1 ਵਿੱਚ ਗੱਲ ਕਰਦਾ ਹੈ। ਉਹ ਉਹਨਾਂ ਬਾਰੇ ਗੱਲ ਕਰਦਾ ਹੈ ਜਿਨ੍ਹਾਂ ਨੇ ਪਹਿਲਾਂ ਬਾਈਬਲ ਦੀ ਸੱਚਾਈ ਨੂੰ ਫੜੀ ਰੱਖਿਆ ਪਰ ਬਾਦ ਵਿੱਚ ਉਸ ਸੱਚਾਈ ਅਤੇ ਕੁਧਰਮ ਦੋਹਾਂ ਨੂੰ ਫੜਨਾ ਚਾਹਿਆ। ਸੰਖੇਪ ਵਿੱਚ, ਉਹਨਾਂ ਨੇ ਪ੍ਰਮੇਸ਼ਵਰ ਦੇ ਵਚਨ ਅਤੇ ਆਪਣੀਆਂ ਵਾਸਨਾਵਾਂ ਦੋਹਾਂ ਨੂੰ ਚਾਹਿਆ। ਇਸ ਕਰਕੇ ਪ੍ਰਮੇਸ਼ਵਰ ਨੇ ਉਹਨਾਂ ਨੂੰ ਉਹਨਾਂ ਦੀਆਂ ਵਾਸਨਾਵਾਂ ਦੇ ਵੱਸ ਕਰ ਦਿੱਤਾ। ਉਹ ਝੂਠ ਨੂੰ ਮੰਨਣਾ ਚਾਹੁੰਦੇ ਸਨ- ਇਸ ਲਈ ਉਸਨੇ ਉਹਨਾਂ ਉੱਪਰ ਇੱਕ ਵੱਡੇ ਧੋਖੇ ਨੂੰ ਭੇਜਿਆ।

ਹੁਣ ਇਹ ਸੁਭਾਅ ਕਲੀਸਿਆ ਵਿੱਚ ਵੀ ਆ ਗਿਆ ਹੈ। ਲੱਖਾਂ ਮਸੀਹੀ ਇੰਟਰਨੈੱਟ ਵਿੱਚ ਅਸ਼ਲੀਲ ਤਸਵੀਰਾਂ ਅਰ ਫਿਲਮਾਂ ਵੇਖਦੇ ਹਨ। ਪਹਿਲਾਂ ਅਜਿਹਾ ਕਰਨ ਨਾਲ ਉਹਨਾਂ ਦੇ ਵਿਵੇਕ ਨੂੰ ਸੱਟ ਲਗਦੀ ਸੀ ਪਰੰਤੂ ਹੁਣ ਉਹ ਇਹ ਤਰਕ ਦਿੰਦੇ ਹਨ ਕਿ "ਸਾਡੇ ਆਗੂ ਵੀ ਤਾਂ ਇਹ ਸਭ ਵੇਖਦੇ ਹਨ। ਤਾਂ ਅਸੀਂ ਕਿਉਂ ਨਹੀਂ ਵੇਖ ਸਕਦੇ"। ਉਹ ਸ਼ੈਤਾਨ ਦੇ ਧੋਖੇ ਹੇਠ ਹਨ।

ਪੌਲੁਸ ਚੇਤਾਵਨੀ ਦਿੰਦਾ ਹੈ, "ਉਹ ਸਮਾਂ ਆਵੇਗਾ ਜਦੋਂ ਉਹ ਖਰੀ ਸਿੱਖਿਆ ਨੂੰ ਨਾ ਸਹਿਣਗੇ ਪਰ ਕੰਨਾਂ ਦੀ ਜਲੂਣ ਦੇ ਕਾਰਨ ਆਪਣੇ ਵਿਸ਼ਿਆਂ ਦੇ ਅਨੁਸਾਰ ਆਪਣੇ ਲਈ ਢੇਰ ਸਾਰੇ ਗੁਰੂ ਧਾਰਨਗੇ ਅਤੇ ਸੱਚਾਈ ਤੋਂ ਕੰਨਾਂ ਨੂੰ ਫੇਰ ਕੇ ਖਿਆਲੀ ਕਹਾਣੀਆਂ (ਝੂਠ) ਦੀ ਵੱਲ ਫਿਰਨਗੇ" (2 ਤਿਮੋਥਿਉਸ 4:3-4)।

ਇਹ ਧੋਖਾ ਖਾਧੇ ਹੋਏ ਲੋਕ ਕੌਣ ਹਨ? ਇਹ ਧੋਖਾ ਖਾਧੇ ਹੋਏ ਮਸੀਹੀ ਹੀ ਹਨ! ਉਹ ਇਹ ਪੱਤਰੀ ਥੱਸਲੁਨੀਕੇ ਦੀ ਕਲੀਸਿਆ ਨੂੰ ਲਿਖਦਾ ਹੈ- ਜੋ ਨਵਾਂ ਜਨਮ ਪਾਏ ਹੋਏ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਬਾਈਬਲ ਦੀ ਸਿੱਖਿਆ ਪਾਈ ਹੈ ਅਤੇ ਪ੍ਰਮੇਸ਼ਵਰ ਦੇ ਸੱਤ ਨੂੰ ਜਾਣਿਆ ਹੈ। ਫਿਰ ਵੀ ਉਹਨਾਂ ਨੇ ਆਪਣੀਆਂ ਵਾਸਨਾਵਾਂ ਨੂੰ ਫੜੀ ਰੱਖਿਆ ਅਤੇ ਹੁਣ ਉਹ ਅਜਿਹੀਆਂ ਗਲਤ ਸਿੱਖਿਆਵਾਂ ਭਾਲਦੇ ਹਨ ਜਿਹੜੀਆਂ ਉਹਨਾਂ ਦੇ ਪਾਪਾਂ ਵਿੱਚ ਹੀ ਉਹਨਾਂ ਨੂੰ ਤਸੱਲੀ ਦੇਣ।

**ਉਹੀ ਵਿਸ਼ਵਾਸੀ ਧੋਖੇ ਵਿੱਚ ਪੈਣ ਦੇ ਸਭ ਤੋਂ ਵੱਧ ਖਤਰੇ ਵਿੱਚ ਹੈ ਜਿਹੜਾ ਅਨੰਦ ਨਾਲ ਪ੍ਰਮੇਸ਼ਵਰ ਦੇ ਵਚਨ ਨੂੰ ਸੁਣਦਾ ਤਾਂ ਹੈ ਪਰੰਤੂ ਉਸਨੂੰ ਮੰਨਦਾ ਨਹੀਂ**

ਪੌਲੁਸ ਗਲਾਤੀਆਂ ਨੂੰ ਲਿਖਦਾ ਹੈ, "ਤੁਸੀਂ ਚੰਗੀ ਦੌੜ ਦੌੜੀ; ਕਿਹ ਨੇ ਤੁਹਾਨੂੰ ਡੱਕ ਦਿੱਤਾ ਭਈ ਤੁਸੀਂ ਸੱਚਾਈ ਨੂੰ ਨਾ ਮੰਨੋ?" (ਗਲਾਤੀਆਂ 5:7)। …"ਕਿਹ ਨੇ ਤੁਹਾਡੇ ਉੱਤੇ ਜਾਦੂ ਪਾ ਲਏ ਭਈ ਤੁਸੀਂ ਸੱਚਾਈ ਨੂੰ ਨਾ ਮੰਨੋ?" (3:1)। ਰਸੂਲ ਆਪਣੀਆਂ ਭੇਡਾਂ ਨੂੰ ਪੁੱਛ ਰਿਹਾ ਹੈ, "ਤੁਹਾਨੂੰ ਕੀ ਹੋ ਗਿਆ? ਤੁਸੀਂ ਚੰਗਾ ਕਰ ਰਹੇ ਸੀ। ਪਰੰਤੂ ਹੁਣ ਤੁਹਾਡੀ ਬੁੱਧ ਕਿਉਂ ਭ੍ਰਿਸ਼ਟੀ ਗਈ!"

ਪੂਰੀ ਬਾਈਬਲ ਵਿੱਚ ਪ੍ਰਮੇਸ਼ਵਰ ਸਾਨੂੰ ਇਹ ਤਸਵੀਰ ਵਿਖਾਉਂਦਾ ਹੈ ਕਿ ਕਲਾਮ ਨੂੰ ਮੰਨਣਾ ਕਿੰਨਾ ਜ਼ਰੂਰੀ ਹੈ। ਅਸੀਂ ਇਸਦੀ ਉਦਾਹਰਨ ਰਾਜਾ ਸ਼ਾਊਲ ਦੇ ਜੀਵਨ ਵਿੱਚੋਂ ਵੇਖ ਸਕਦੇ ਹਾਂ।ਪ੍ਰਮੇਸ਼ਵਰ ਨੇ ਸ਼ਾਊਲ ਨੂੰ ਸਮੂਏਲ ਨਬੀ ਰਾਹੀਂ ਸਪੱਸ਼ਟ ਆਗਿਆ ਦਿੱਤੀ ਸੀ। ਉਸਨੇ ਸ਼ਾਊਲ ਨੂੰ ਹੁਕਮ ਦਿੱਤਾ, "ਜਾਹ ਅਤੇ ਅਮਾਲੇਕ ਨੂੰ ਮਾਰ ਅਤੇ ਸਭ ਕੁੱਝ ਜੋ ਉਹਨਾਂ ਦਾ ਹੈ ਮੂਲੋਂ ਨਾਸ ਕਰ ਅਰ ਉਹਨਾਂ ਉੱਤੇ ਤਰਸ ਨਾ ਖਾ ਸਗੋਂ ਪੁਰਸ਼ ਅਤੇ ਇਸਤਰੀ, ਕੁੱਛੜਲੇ ਬਾਲ ਅਤੇ ਦੁੱਧ ਚੁੰਘਦੇ ਵੀ ਅਤੇ ਬਲਦ, ਭੇਡ, ਊਠ, ਖੋਤੇ ਸਭਨਾਂ ਨੂੰ ਵੱਢ ਸੁੱਟ" (1 ਸਮੂਏਲ 15:3)।

ਕੀ ਸ਼ਾਊਲ ਨੇ ਪ੍ਰਮੇਸ਼ਵਰ ਦੀ ਇਸ ਆਗਿਆ ਨੂੰ ਮੰਨਿਆਂ? ਬਾਈਬਲ ਦੱਸਦੀ ਹੈ, "ਸ਼ਾਊਲ ਨੇ ਅਮਾਲੇਕੀਆਂ ਨੂੰ ਮਾਰਿਆ…ਅਤੇ ਅਮਾਲੇਕੀਆਂ ਦੇ ਰਾਜਾ ਅਗਾਗ ਨੂੰ ਜੀਉਂਦਾ ਫੜ ਲਿਆ। …ਸ਼ਾਊਲ ਅਤੇ ਲੋਕਾਂ ਨੇ ਅਗਾਗ ਨੂੰ ਅਤੇ ਚੰਗੀਆਂ ਭੇਡਾਂ ਅਤੇ ਬਲਦਾਂ ਅਤੇ ਮੋਟੇ ਮੋਟੇ ਵੱਛਿਆਂ ਅਤੇ ਮੇਢਿਆਂ ਦੇ ਬੱਚਿਆਂ ਨੂੰ ਅਤੇ ਸਭ ਕੁਝ ਜੋ ਚੰਗਾ ਸੀ ਬਚਾ ਰੱਖਿਆ…"

(ਆਇਤ 7-9)।
ਪ੍ਰਮੇਸ਼ਵਰ ਨੇ ਇੱਕ ਸਪੱਸ਼ਟ ਹੁਕਮ ਦੇ ਕੇ ਸ਼ਾਊਲ ਨੂੰ ਤਲਵਾਰ ਸੌਂਪੀ। ਪਰੰਤੂ ਯੁੱਧ ਵਿੱਚ ਸ਼ਾਊਲ ਨੇ ਪ੍ਰਮੇਸ਼ਵਰ ਦੀਆਂ ਕੁੱਝ ਗੱਲਾਂ ਨੂੰ ਹੀ ਮੰਨਿਆਂ। ਸਭ ਕੁੱਝ ਅਰ ਸਭ ਕਿਸੇ ਨੂੰ ਨਾਸ ਕਰਨ ਦੀ ਥਾਂ ਉਸਨੇ ਰਾਜਾ ਅਗਾਗ ਨੂੰ ਛੱਡ ਦਿੱਤਾ ਅਤੇ ਉਸਨੇ ਲੁੱਟ ਦੇ ਮਾਲ ਵਿੱਚੋਂ ਵੀ ਕੁੱਝ ਬਚਾ ਰੱਖਿਆ।
ਸਮੂਏਲ ਬਹੁਤ ਦੁਖੀ ਹੋਇਆ ਅਤੇ ਉਸਨੇ ਸ਼ਾਊਲ ਨੂੰ ਆਖਿਆ, "ਯਹੋਵਾਹ ਨੇ ਤੈਨੂੰ ਪੈਂਡੇ ਵਿੱਚ ਘੱਲਿਆ ਅਤੇ ਆਖਿਆ, ਜਾ ਅਤੇ ਉਹਨਾਂ ਪਾਪੀ ਅਮਾਲੇਕੀਆਂ ਦਾ ਨਾਸ ਕਰ ਅਤੇ ਜਦ ਤੋੜੀ ਉਹ ਨਸ਼ਟ ਨਾ ਹੋ ਜਾਣ ਉਹਨਾਂ ਨਾਲ ਲੜਾਈ ਕਰ। ਫੇਰ ਤੂੰ ਯਹੋਵਾਹ ਦੀ ਗੱਲ ਕਿਉਂ ਨਾ ਮੰਨੀ ਅਤੇ ਲੁੱਟ ਉੱਤੇ ਕਿਉਂ ਆ ਡਿੱਗਾ ਅਤੇ ਯਹੋਵਾਹ ਦੇ ਸਨਮੁਖ ਬਦੀ ਕੀਤੀ?" (ਆਇਤ 18-19)।
ਇਸ ਸਥਿਤੀ ਵਿੱਚ ਬਾਈਬਲ ਇੱਕ ਭਿਆਨਕ ਚੇਤਾਵਨੀ ਦਿੰਦੀ ਹੈ: "ਤਦ ਯਹੋਵਾਹ ਦਾ ਵਚਨ ਸਮੂਏਲ ਨੂੰ ਅੱਪੜਿਆ ਕਿ ਮੈਂ ਗਰੰਜ ਹਾ ਜੋ ਮੈਂ ਸ਼ਾਊਲ ਨੂੰ ਪਾਤਸ਼ਾਹ ਠਹਿਰਾਇਆ ਕਿਉਂ ਜੋ ਉਹ ਮੇਰੇ ਮਗਰ ਤੁਰਨ ਤੋਂ ਭੌਂ ਗਿਆ ਅਤੇ ਉਸਨੇ ਮੇਰੇ ਹੁਕਮਾਂ ਨੂੰ ਪੂਰਾ ਨਾ ਕੀਤਾ..." (ਆਇਤ 10-11)।
ਕੀ ਇਹ ਤੁਹਾਡੇ ਜੀਵਨ ਦੀ ਵੀ ਕਹਾਣੀ ਹੈ? ਕੀ ਪ੍ਰਮੇਸ਼ਵਰ ਨੇ ਤੁਹਾਨੂੰ ਤੁਹਾਡੀ ਜੀਵਨ ਦੀ ਕਿਸੇ ਬੁਰੀ ਵਾਸਨਾ ਨੂੰ ਛੱਡਣ ਲਈ ਆਖਿਆ ਸੀ- ਪਰ ਕੀ ਹਾਲੇ ਵੀ ਤੁਸੀਂ ਉਸ ਨਾਲ ਲਿਪਟੇ ਹੋਏ ਹੋ ਅਤੇ ਉਸਨੂੰ ਛੱਡ ਨਹੀਂ ਰਹੇ?
ਉਸਦੀ ਕਿਰਪਾ ਭਰੀ ਸ਼ਾਂਤ ਅਵਾਜ ਤੁਹਾਨੂੰ ਇਸ ਵੇਲੇ ਆਖ ਰਹੀ ਹੋਵੇਗੀ, "ਤੇਰੀ ਵਾਸਨਾ ਸਾਡੇ ਵਿਚਕਾਰ ਖਲੋਤੀ ਹੈ ਅਤੇ ਸਾਡੀ ਸੰਗਤੀ ਨੂੰ ਰੋਕ ਰਹੀ ਹੈ। ਜਦੋਂ ਤੱਕ ਤੂੰ ਇਸਨੂੰ ਨਹੀਂ ਛੱਡਦਾ ਮੈਂ ਤੈਨੂੰ ਬਰਕਤ ਨਹੀ ਦੇ ਸਕਦਾ, ਮੇਰੀ ਆਤਮਾ ਤੋਂ ਮਦਦ ਮੰਗ। ਮੇਰੇ ਬੱਚੇ ਇਸ ਆਦਤ ਨੂੰ ਛੱਡ ਦੇ"। ਪਰੰਤੂ ਹੋ ਸਕਦਾ ਹੈ ਕਿ ਜਲਦੀ ਹੀ ਪ੍ਰਮੇਸ਼ਵਰ ਗੁੱਸੇ ਵਿੱਚ ਤੁਹਨੂੰ ਆਖੇ, "ਜੇਕਰ ਤੂੰ ਇਸ ਵਾਸਨਾ ਨੂੰ ਨਹੀਂ ਛੱਡੇਂਗਾ ਤਾਂ ਮੈਂ ਇਸਨੂੰ ਉਜਾਗਰ ਕਰ ਦੇਵਾਂਗਾ ਜਿਸ ਨਾਲ ਤੇਰਾ ਜੀਵਨ ਨਾਸ ਹੋ ਜਾਵੇਗਾ।
ਪ੍ਰਮੇਸ਼ਵਰ ਨੇ ਅਣ-ਆਗਿਆਕਾਰੀ ਕਾਰਨ ਸ਼ਾਊਲ ਨੂੰ ਤਿਆਗ ਦਿੱਤਾ। ਸਮੂਏਲ ਨੇ ਸ਼ਾਊਲ ਨੂੰ ਆਖਿਆ, "ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ ਅਤੇ ਖਚਰਊ ਅਤੇ ਬਦੀ ਅਤੇ ਮੂਰਤੀਪੂਜਾ ਇੱਕੋ ਜਿਹੀ ਹੈ। ਸੋ ਜਿਹਾ ਤੈਂ ਯਹੋਵਾਹ ਦੇ ਵਚਨ ਨੂੰ ਰੱਦਿਆ ਹੈ ਤਿਹਾ ਹੀ ਉਸਨੇ ਪਾਤਸ਼ਾਹ ਰਹਿਣ ਤੋਂ ਤੈਨੂੰ ਰੱਦਿਆ ਹੈ" (ਆਇਤ 23)।
ਉਸ ਵੇਲੇ ਪ੍ਰਮੇਸ਼ਵਰ ਦੇ ਆਤਮਾ ਨੇ ਸ਼ਾਊਲ ਨੂੰ ਛੱਡ ਦਿੱਤਾ। ਪਾਤਸ਼ਾਹ ਦੀ ਅਧੂਰੀ ਆਗਿਆਕਾਰੀ ਨੇ ਉਸਨੂੰ ਸ਼ੈਤਾਨ ਦੇ ਪ੍ਰਭਾਵ ਹੇਠ ਕਰ ਦਿੱਤਾ। ਛੇਤੀ ਹੀ ਇੱਕ ਦੁਸ਼ਟ ਆਤਮਾ ਸ਼ਾਊਲ ਨੂੰ ਸਤਾਉਣ ਲੱਗਾ ਅਤੇ ਅਖੀਰ ਵਿੱਚ ਉਹ ਇੱਕ ਜਾਦੂਗਰਨੀ ਕੋਲ ਸਲਾਹ ਲੈਣ ਲਈ ਪਹੁੰਚ ਗਿਆ।
ਸ਼ਾਇਦ ਸ਼ਾਊਦ ਦੇ ਜੀਵਨ ਬਾਰੇ ਪੜ੍ਹਦੇ ਹੋਏ ਤੁਸੀਂ ਕਹੋਗੇ ਕਿ ਸ਼ਾਊਲ ਨੇ ਤਾਂ ਆਪਣੀ ਪੂਰੀ ਕੋਸ਼ਿਸ਼ ਕੀਤੀ, ਅਰ ਉਸਨੇ ਇੰਨਾਂ ਬੁਰਾ ਵੀ ਨਹੀਂ ਕੀਤਾ। ਪ੍ਰਮੇਸ਼ਵਰ ਉਸ ਨਾਲ ਇੰਨਾਂ ਸਖ਼ਤ ਕਿਉਂ ਹੋ ਗਿਆ। ਉਸਨੇ ਸ਼ਾਊਲ ਨੂੰ ਮਾਫ਼ ਕਿਉਂ ਨਹੀ ਕੀਤਾ"?
ਪ੍ਰਮੇਸ਼ਵਰ ਇਸ ਘਟਨਾ ਰਾਹੀਂ ਸਾਨੂੰ ਕਹਿ ਰਿਹਾ ਹੈ ਕਿ ਉਹ ਆਪਣੇ ਆਖੇ ਹੋਏ ਸ਼ਬਦਾਂ ਨੂੰ ਮਹੱਤਵ ਦਿੰਦਾ ਹੈ। ਉਹ ਆਖ ਰਿਹਾ ਹੈ, "ਮੈਂ ਤੁਹਾਨੂੰ ਵਿਖਾ ਰਿਹਾ ਹਾਂ ਕਿ ਤੁਹਾਡੀ ਆਗਿਆਕਾਰੀ ਦੀ ਮੇਰੇ ਲਈ ਕੀ ਕੀਮਤ ਹੈ। ਮੈਂ ਤੁਹਾਡਾ ਪੂਰਾ ਦਿਲ ਅਤੇ ਪਿਆਰ ਚਾਹੁੰਦਾ ਹਾਂ ਅਧੂਰੀ ਆਗਿਆਕਾਰੀ ਨਹੀਂ"।ਜੇਕਰ ਸ਼ਾਊਲ ਲਈ ਪ੍ਰਮੇਸ਼ਵਰ ਦਾ ਸੰਦੇਸ਼ ਧੁੰਦਲਾ ਜਾਂ ਅਸਪੱਸ਼ਟ ਹੁੰਦਾ ਤਾਂ ਅਸੀਂ ਆਖ ਸਕਦੇ ਸੀ ਕਿ ਪ੍ਰਮੇਸ਼ਵਰ ਨੂੰ ਸ਼ਾਊਲ ਨਾਲ ਢਿੱਲ ਵਰਤਣੀ ਚਾਹੀਦੀ ਸੀ। ਪਰੰਤੂ ਸ਼ਾਊਲ ਲਈ ਉਸਦਾ ਨਿਰਦੇਸ਼ ਇੰਨਾਂ ਸਪੱਸ਼ਟ ਸੀ ਕਿ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਸੀ। ਇਸੇ ਤਰਾਂ ਅੱਜ, ਸਾਨੂੰ ਵੀ ਕੋਈ ਸ਼ੱਕ ਨਹੀਂ ਕਿ ਪ੍ਰਮੇਸ਼ਵਰ ਸਾਨੂੰ ਕੀ ਆਖਦਾ ਹੈ। ਅਸੀਂ ਉਸਦੇ ਹੁਕਮਾਂ ਨੂੰ ਜਾਣਦੇ ਹਾਂ ਕਿਉਂਕਿ ਉਸਨੇ ਆਪਣੇ ਵਚਨ ਅਤੇ ਆਤਮਾ ਰਾਹੀਂ ਸਾਡੇ ਹਿਰਦਿਆਂ ਵਿੱਚ ਉਨ੍ਹਾਂ ਨੂੰ ਜ਼ਾਹਰ ਕੀਤਾ ਹੈ।
ਤੁਸੀਂ ਉੱਤਰ ਦੇ ਸਕਦੇ ਹੋ ਕਿ ਜੋ ਪ੍ਰਮੇਸ਼ਵਰ ਨੇ ਸ਼ਾਊਲ ਨਾਲ ਕੀਤਾ ਉਹ ਪੁਰਾਣੀ ਵਾਚਾ ਅਤੇ ਬਿਵਸਥਾ ਅਨੁਸਾਰ ਸੀ। ਅਸੀਂ ਅੱਜ ਰਹਿਮ ਦੇ ਸਮੇਂ ਵਿੱਚ ਹਾਂ। ਹੁਣ ਪ੍ਰਮੇਸ਼ਵਰ ਸਾਡੀ ਅਣ-ਆਗਿਆਕਾਰੀ ਪ੍ਰਤੀ ਉਨਾਂ ਸਖ਼ਤ ਨਹੀਂ ਹੋਵੇਗਾ ਜਿੰਨਾ ਉਹ ਸ਼ਾਊਲ ਨਾਲ ਸੀ।
ਰਹਿਮ ਦੀ ਵਾਚਾ ਅਧੀਨ ਇਸ ਵਿਸ਼ੇ ਉੱਤੇ ਪ੍ਰਮੇਸ਼ਵਰ ਇਹ ਆਖਦਾ ਹੈ।ਪ੍ਰਮੇਸ਼ਵਰ ਹਰੇਕ ਨੂੰ ਉਹ ਦੀਆਂ ਕਰਨੀਆਂ ਦੇ ਅਨੁਸਾਰ ਫਲ ਦੇਵੇਗਾ: ਜਿਹੜੇ ਸ਼ੁੱਭ ਕਰਮਾਂ ਵਿੱਚ ਦ੍ਰਿੜ ਹੋ ਕੇ ਮਹਿਮਾ, ਆਦਰ ਅਤੇ ਅਵਿਨਾਸ਼ ਨੂੰ ਭਾਲਦੇ ਹਨ ਉਹ ਉਹਨਾਂ ਨੂੰ ਸਦੀਪਕ ਜੀਵਨ ਦੇਵੇਗਾ ਪਰ ਜਿਹੜੇ ਆਕੀ ਹਨ ਅਤੇ ਸੱਚ ਨੂੰ ਨਹੀਂ ਮੰਨਦੇ ਸਗੋਂ ਕੁਧਰਮ ਨੂੰ ਮੰਨਦੇ ਹਨ ਉਹਨਾਂ ਉੱਤੇ ਗੁੱਸਾ ਅਤੇ ਕ੍ਰੋਧ ਹੋਵੇਗਾ। ਬਿਪਤਾ ਅਤੇ ਕਸ਼ਟ ਹਰੇਕ ਮਨੁੱਖ ਦੀ ਜਾਨ ਉੱਤੇ ਹੋਵੇਗਾ ਜਿਹੜਾ ਬੁਰਿਆਈ ਕਰਦਾ ਹੈ ਪਹਿਲਾਂ ਯਹੂਦੀ ਫੇਰ ਯੂਨਾਨੀ ਉੱਤੇ, "ਪਰ ਹਰੇਕ ਨੂੰ ਜਿਹੜਾ ਭਲਿਆਈ ਕਰਦਾ ਹੈ ਮਹਿਮਾ, ਆਦਰ ਅਤੇ ਸ਼ਾਂਤੀ ਪ੍ਰਾਪਤ ਹੋਵੇਗੀ ਪਹਿਲਾਂ ਯਹੂਦੀ ਨੂੰ ਫੇਰ ਯੂਨਾਨੀ ਨੂੰ: ਕਿਉਂਕਿ ਪ੍ਰਮੇਸ਼ਵਰ ਦੇ ਹਜ਼ੂਰ ਕਿਸੇ ਦਾ ਪੱਖਪਾਤ ਨਹੀਂ ਹੁੰਦਾ" (ਰੋਮੀਆਂ ਨੂੰ 2:6-11)।
ਮੈਂ ਤੁਹਾਨੂੰ ਪੁਰਾਣੇ ਨੇਮ ਦੇ ਸ਼ਾਊਲ ਅਤੇ ਨਵੇਂ ਨੇਮ ਦੇ ਵਿਸ਼ਵਾਸੀਆਂ ਵਿੱਚ ਅੰਤਰ ਨੂੰ ਦੱਸਦਾ ਹਾਂ: ਜਦੋਂ ਮਨੁੱਖ ਦੇ ਅੰਦਰ ਪ੍ਰਮੇਸ਼ਵਰ ਦੀ ਆਗਿਆ ਮੰਨਣ ਦੀ ਇੱਛਾ ਹੁੰਦੀ ਹੈ- ਜਦੋਂ ਉਹ ਮਨੁੱਖ ਪ੍ਰਮੇਸ਼ਵਰ ਦੇ ਵਚਨ ਨੂੰ ਪਿਆਰ ਕਰਦਾ ਅਤੇ ਉਸਦਾ ਆਦਰ ਕਰਦਾ ਹੈ ਤਾਂ ਪਵਿੱਤਰ ਆਤਮਾ ਉਸ ਮਨੁੱਖ ਨੂੰ ਉਹਨਾਂ ਹੁਕਮਾਂ ਨੂੰ ਪੂਰਾ ਕਰਨ ਦੀ ਤਾਕਤ ਅਤੇ ਯੋਗਤਾ ਦਿੰਦਾ ਹੈ। ਇਹ ਨਵੇਂ ਨੇਮ ਦੀ ਬਰਕਤ ਹੈ।
ਸ਼ਾਊਲ ਅੰਦਰ ਅਜਿਹੀ ਪਵਿੱਤਰ ਇੱਛਾ ਨਹੀਂ ਸੀ। ਪਰੰਤੂ ਹਰੇਕ ਵਿਸ਼ਵਾਸੀ ਜਿਹੜਾ ਪ੍ਰਮੇਸ਼ਵਰ

## ਸਮਾਚਾਰ:

### "ਬਾਹਰ ਨਿਕਲੋ...ਅਸੀਂ ਤੁਹਾਨੂੰ ਸਾੜ ਦੇਵਾਂਗੇ"

ਅੰਬਾਲਾ ਹਰਿਆਣਾ: ਕੱਟੜਪੰਥੀਆਂ ਨੇ ਅਸੈਂਬਲੀਜ਼ ਆਫ ਗੌਡ ਦੇ 32 ਸਾਲਾ ਪਾਸਟਰ, ਅਵਿਅੰਸ਼ੂ ਕਾਲਰਾ ਉੱਪਰ ਮੂਰਤੀਆਂ ਦੀ ਬੇਅਦਬੀ ਕਰਨ ਅਰ ਜਬਰਨ ਧਰਮ ਪਰਿਵਰਤਨ ਦਾ ਦੋਸ਼ ਲਗਾਇਆ ਅਤੇ ਉਹਨਾਂ ਨੂੰ ਪਰਿਵਾਰ ਸਮੇਤ ਆਪਣਾ ਘਰ ਛੱਡ ਕੇ ਦੌੜ ਜਾਣ ਲਈ ਜ਼ਬਰਦਸਤੀ ਕੀਤੀ। 11 ਜੁਲਾਈ ਨੂੰ 200 ਲੋਕਾਂ ਦੀ ਇੱਕ ਭੀੜ ਨੇ ਉਹਨਾਂ ਦੇ ਘਰ ਅਤੇ ਕੰਪਾਊਂਡ ਦਾ ਰਸਤਾ ਰੋਕ ਲਿਆ ਅਤੇ ਇਸ ਤਰਾਂ ਧਮਕੀਆਂ ਦੇਣ ਲੱਗੇ, "ਬਾਹਰ ਨਿਕਲੋ, ਅਸੀਂ ਤੁਹਾਨੂੰ ਛੱਡਾਂਗੇ ਨਹੀਂ, ਅਸੀਂ ਤੁਹਾਨੂੰ ਸਾੜ ਦੇਵਾਂਗੇ"। ਸਥਾਨਕ ਪੁਲਿਸ ਨੇ ਜਾਂਚ ਦੇ ਆਦੇਸ਼ ਦਿੱਤੇ। 100 ਮੈਂਬਰਾਂ ਵਾਲੇ ਇਸ ਚਰਚ ਦੀ ਸ਼ੁਰੂਆਤ 2014 ਵਿੱਚ ਹੋਈ। ਲਗਭਗ 300 ਲੋਕਾਂ ਦੀ ਭੀੜ, 19 ਜੁਲਾਈ ਨੂੰ ਪਾਸਟਰ ਉੱਤੇ ਹੋਏ ਹਮਲੇ ਅਤੇ ਭਾਰਤ ਵਿੱਚ ਅਲਪਸੰਖਿਅਕਾਂ ਉੱਪਰ ਹੋ ਰਹੇ ਸਤਾਓ ਦੇ ਵਿਰੋਧ ਵਿੱਚ ਅੰਬਾਲਾ ਦੀਆਂ ਸੜਕਾਂ ਉੱਤੇ ਨਿਕਲੀ।-MSN

*-Forerunner (October 2018)*

ਅਤੇ ਉਸਦੇ ਵਚਨ ਨੂੰ ਸੱਚਮੁਚ ਪਿਆਰ ਕਰਦਾ ਹੈ, ਸਭ ਵਾਸਨਾਵਾਂ ਦਾ ਨਾਸ਼ ਕਰਕੇ ਆਪਣੇ ਜੀਵਨ ਵਿੱਚ ਪਵਿੱਤਰ ਆਤਮਾ ਦੀ ਮਦਦ ਨਾਲ ਪਾਪ ਦੇ ਅਧਿਕਾਰ ਦਾ ਨਾਸ਼ ਕਰਦਾ ਹੈ।

ਪੌਲੁਸ ਚੇਤਾਵਨੀ ਦੇ ਇਹ ਸਖ਼ਤ ਸ਼ਬਦ ਵਿਸ਼ਵਾਸੀਆਂ ਨੂੰ ਆਖਦਾ ਹੈ, "ਫੇਰ ਹੇ ਮਨੁੱਖ ਤੂੰ ਜੋ ਇਹੋ ਜਿਹੇ ਕੰਮ ਕਰਨ ਵਾਲਿਆਂ ਉੱਤੇ ਦੋਸ਼ ਲਾਉਂਦਾ ਅਤੇ ਆਪ ਓਹੋ ਕੰਮ ਕਰਦਾ ਹੈਂ, ਭਲਾ ਤੂੰ ਇਹ ਸਮਝਦਾ ਹੈਂ ਭਈ ਪ੍ਰਮੇਸ਼ਵਰ ਦੇ ਡੰਡ ਤੋਂ ਬਚ ਨਿਕਲੇਂਗਾ?" (ਰੋਮੀਆਂ ਨੂੰ 2:3)। ਉਹ ਆਖ ਰਿਹਾ ਹੈ, "ਕੀ ਤੁਸੀਂ ਉਹ ਮਸੀਹੀ ਹੋ ਜਿਹੜੇ ਸਭ ਨੂੰ ਪ੍ਰਮੇਸ਼ਵਰ ਦੇ ਹੁਕਮ ਮੰਨਣ ਲਈ ਆਖਦੇ ਹੋ ਅਤੇ ਖੁਦ ਵਿਭਚਾਰ ਵਿੱਚ ਫਸੇ ਹੋਏ ਹੋ?"

"ਤੂੰ ਉਹ ਦੀ ਮਿਹਰਬਾਨੀ, ਖਿਮਾ ਅਤੇ ਧੀਰਜ ਦੀ ਦੌਲਤ ਨੂੰ ਤੁੱਛ ਸਮਝਦਾ ਹੈ ਅਤੇ ਇਹ ਨਹੀਂ ਜਾਣਦਾ ਕਿ ਪ੍ਰਮੇਸ਼ਵਰ ਦੀ ਮਿਹਰਬਾਨੀ ਤੈਨੂੰ ਪਛਤਾਵੇ ਦੇ ਰਾਹ ਪਾਉਂਦੀ ਹੈ?" (ਆਇਤ 4)। ਪੌਲੁਸ ਅੱਗੇ ਆਖਦਾ ਹੈ, "ਪ੍ਰਮੇਸ਼ਵਰ ਸਦਾ ਤੇਰੇ ਉੱਤੇ ਮਿਹਰਬਾਨੀ ਕਰਦਾ ਰਿਹਾ ਅਤੇ ਤੇਰੇ ਨਾਲ ਰਹਿਮ ਅਤੇ ਪਿਆਰ ਨਾਲ ਵਰਤਿਆ। ਕੀ ਤੂੰ ਨਹੀਂ ਸਮਝਦਾ ਕਿ ਉਸਦੀ ਮਿਹਰਬਾਨੀ, ਕਿਰਪਾ ਅਤੇ ਦਯਾ ਤੈਨੂੰ ਤੌਬਾ ਵੱਲ ਲੈ ਕੇ ਜਾਂਦੀ ਹੈ?"

## ਇਸ ਸੰਦੇਸ਼ ਦਾ ਕੀ ਮਹੱਤਵ ਹੈ?

ਸਭ ਤੋਂ ਮਹੱਤਵਪੂਰਨ ਮੈਂ ਇਹ ਆਖਣਾ ਚਾਹੁੰਦਾ ਹਾਂ: ਮਸੀਹ ਵਿਰੋਧੀ ਇਤਿਹਾਸ ਦੇ ਸਭ ਤੋਂ ਵੱਡੇ ਖੁਸ਼ਹਾਲੀ ਦੇ ਪ੍ਰਚਾਰਕ ਦੇ ਰੂਪ ਵਿੱਚ ਸਾਹਮਣੇ ਆਉਣ ਵਾਲਾ ਹੈ। ਅਤੇ ਸ਼ੈਤਾਨ ਹੁਣ ਤੋਂ ਹੀ ਅਧੂਰੇ ਮਨ ਵਾਲੇ ਵਿਸ਼ਵਾਸੀਆਂ ਨੂੰ ਉਸਦੇ ਝੁੰਡ ਵਿੱਚ ਸ਼ਾਮਲ ਕਰ ਰਿਹਾ ਹੈ। ਬਹੁਤ ਜਲਦੀ ਸਾਡੇ ਸਮਾਜ ਵਿੱਚੋਂ ਸਭ ਤਰਾਂ ਦੀਆਂ ਰੋਕਾਂ ਹਟ ਜਾਣਗੀਆਂ ਅਤੇ ਵਿਸ਼ਵਾਸੀ ਸ਼ੈਤਾਨ ਦੇ ਧੋਖਿਆਂ ਦੇ ਹੋਰ ਵੀ ਸ਼ਿਕਾਰ ਹੋ ਜਾਣਗੇ।

ਹਿਟਲਰ ਦੇ ਸਮੇਂ ਵਿੱਚ ਜਰਮਨੀ ਦੇ ਮਸੀਹੀਆਂ ਨਾਲ ਅਜਿਹਾ ਹੀ ਹੋਇਆ ਸੀ। ਜਦੋਂ ਚਮਤਕਾਰੀ ਸ਼ਖ਼ਸੀਅਤ ਅਤੇ ਚੰਗੇ ਜੀਵਨ ਦੇ ਵਾਅਦਿਆਂ ਨਾਲ ਹਿਟਲਰ ਸੱਤਾ ਵਿੱਚ ਆਇਆ ਤਦ ਗੁਣਗੁਣੇ ਲੂਥਰਨ ਅਤੇ ਪੈਂਟੀਕੌਸਟਲ ਲੋਕਾਂ ਨੇ ਵੀ ਉਸਦਾ ਸਵਾਗਤ ਕੀਤਾ। ਅਤੇ ਬਾਦ ਵਿੱਚ ਜਦੋਂ ਉਹ ਸਮਾਜ ਵਿੱਚ ਬੁਰਾਈਆਂ ਕਰਨ ਲੱਗਾ ਤਾਂ ਇਹਨਾਂ ਨੇ ਅਲੱਗ ਰਾਹ ਇਖ਼ਤਿਆਰ ਕਰ ਲਿਆ ਅਤੇ ਪ੍ਰਮੇਸ਼ਵਰ ਦੇ ਵਚਨ ਨੂੰ ਤਿਆਗ ਦਿੱਤਾ। ਜ਼ਰੂਰ, ਉਹਨਾਂ ਕਲੀਸਿਆਵਾਂ ਵਿੱਚੋਂ ਸੁਸਮਾਚਾਰ ਲਈ ਕੁੱਝ ਸਮਰੱਥੀ ਅਵਾਜ਼ਾਂ ਉੱਠੀਆਂ। ਪਰੰਤੂ ਭਾਰੀ ਗਿਣਤੀ ਵਿੱਚ ਮਸੀਹੀ ਹਿਟਲਰ ਦੇ ਪਿੱਛੇ ਲੱਗ ਤੁਰੇ, ਇੱਥੇ ਤੀਕ ਕਿ ਹਿਟਲਰ ਦੀ ਜੈ! ਦੇ ਨਾਅਰੇ ਵੀ ਲਗਾਉਣ ਲੱਗੇ। ਉਹਨਾਂ ਨੇ ਝੂਠ ਨੂੰ ਗ੍ਰਹਿਣ ਕੀਤਾ ਅਰ ਪ੍ਰਮੇਸ਼ਵਰ ਨੇ ਉਹਨਾਂ ਨੂੰ ਭਾਰੀ ਭਰਮ ਵਿੱਚ ਪਾ ਦਿੱਤਾ।

ਮੈਂ ਤੁਹਾਨੂੰ ਪੁੱਛਦਾ ਹਾਂ: ਕੀ ਤੁਸੀਂ ਉਸ ਪ੍ਰਚਾਰ ਨੂੰ ਬੈਠ ਕੇ ਸੁਣੋਗੇ ਜਿਹੜਾ ਤੁਹਾਡੇ ਪੁੱਤਰ ਦੇ ਪਾਪਾਂ ਨੂੰ ਉਜਾਗਰ ਕਰੇ? ਜੇਕਰ ਹਾਂ, ਤਾਂ ਕੀ ਤੁਸੀਂ ਉਸ ਵਚਨ ਨੂੰ ਇਜਾਜ਼ਤ ਦੇਵੋਗੇ ਕਿ ਉਹ ਤੁਹਾਡੇ ਪਾਪ ਤੁਹਾਨੂੰ ਦੱਸੇ? ਜਾਂ ਫਿਰ ਤੁਸੀਂ ਬਿਨਾਂ ਪਰਵਾਹ ਕੀਤੇ, ਮੁੜ ਆਪਣੀਆਂ ਵਾਸਨਾਵਾਂ ਪਿੱਛੇ ਨੱਸੋਗੇ?

ਜੇਕਰ ਤੁਸੀਂ ਪਵਿੱਤਰ ਆਤਮਾ ਦੀਆਂ ਚੇਤਾਵਨੀਆਂ ਦਾ ਇਨਕਾਰ ਕਰਦੇ ਹੋ- ਜੇਕਰ ਬਿਨਾਂ ਪਰਵਾਹ ਕੀਤੇ ਬਾਰ ਬਾਰ ਤੁਸੀਂ ਪ੍ਰਮੇਸ਼ਵਰ ਦੀ ਅਣ-ਆਗਿਆਕਾਰੀ ਕਰਦੇ ਹੋ- ਤਾਂ ਤੁਸੀਂ ਮਸੀਹ ਵਿਰੋਧੀ ਦੇ ਝੁੰਡ ਵਿੱਚ ਸ਼ਾਮਲ ਕੀਤੇ ਜਾ ਰਹੇ ਹੋ। ਸ਼ੈਤਾਨ ਬੜੇ ਗੁੱਝੇ ਢੰਗ ਨਾਲ ਤੁਹਾਨੂੰ ਕੁਧਰਮ ਦੇ ਭੇਤ ਵਿੱਚ ਫਸਾ ਰਿਹਾ ਹੈ। ਅਤੇ ਜਦੋਂ ਵਾਅਦੇ ਕਰਨ ਵਾਲਾ ਅਤੇ ਚਮਤਕਾਰ ਵਿਖਾਲਣ ਵਾਲਾ ਮਸੀਹ ਵਿਰੋਧੀ ਆਵੇਗਾ ਤਾਂ ਤੁਸੀਂ ਉਸਦੇ ਝੂਠਾਂ ਵਿੱਚ ਫਸ ਜਾਓਗੇ ਅਰ ਭਰਮ ਵਿੱਚ ਪੈ ਜਾਓਗੇ!

ਸੁਣੋ, ਉਹਨਾਂ ਸਮਝੌਤਾ ਕਰਨ ਵਾਲੇ ਵਿਸ਼ਵਾਸੀਆਂ ਬਾਰੇ ਪੌਲੁਸ ਕੀ ਆਖਦਾ ਹੈ ਜਿਹੜੇ ਪ੍ਰਮੇਸ਼ਵਰ ਦੇ ਪਵਿੱਤਰ ਵਚਨ ਨੂੰ ਨਾ ਹੀ ਪਿਆਰ ਕਰਦੇ ਅਰ ਨਾ ਹੀ ਉਸਦੀ ਆਗਿਆ ਮੰਨਦੇ ਹਨ: ਤਾਂ ਜੋ ਉਹ ਸੱਭੇ ਦੋਸ਼ੀ ਠਹਿਰਨ ਜਿਨ੍ਹਾਂ ਸੱਚ ਨੂੰ ਨਾ ਮੰਨਿਆਂ ਸਗੋਂ ਕੁਧਰਮ ਉੱਤੇ ਪ੍ਰਸੰਨ ਰਹੇ (2 ਥੱਸਲੁਨੀਕੀਆਂ ਨੂੰ 2:12)। ਹਾਏ! ਉਹਨਾਂ ਉੱਤੇ ਜਿਹੜੇ ਆਪਣੀਆਂ ਵਾਸਨਾਵਾਂ ਦੀ ਸੱਚਾਈ ਨੂੰ ਤਾਂ ਜਾਣਦੇ ਹਨ ਪਰੰਤੂ ਇਹ ਵਿਸ਼ਵਾਸ ਨਹੀਂ ਕਰਦੇ ਕਿ ਪ੍ਰਮੇਸ਼ਵਰ ਉਹਨਾਂ ਦਾ ਨਿਆਂ ਕਰੇਗਾ।

ਪ੍ਰਮੇਸ਼ਵਰ ਦੀ ਸੱਚਾਈ ਨੂੰ ਨਾ ਮੰਨਣ ਅਤੇ ਉਸ ਉੱਤੇ ਨਾ ਚੱਲਣ ਦੇ ਭਿਆਨਕ ਨਤੀਜੇ:

1. ਪਾਪ ਦੇ ਧੋਖੇ ਨਾਲ ਦਿਲ ਕਠੋਰ ਹੋ ਜਾਂਦਾ ਹੈ।
2. ਸ਼ੈਤਾਨ ਕਠੋਰ ਦਿਲ ਉੱਪਰ ਕੰਮ ਕਰਦਾ ਹੈ ਕਿ ਉਹ ਖੁਦ ਨੂੰ ਸਹੀ ਸਮਝੇ ਅਤੇ ਆਉਣ ਵਾਲੀ ਸਜਾ ਦੇ ਭੈ ਤੋਂ ਬੇਫਿਕਰ ਹੋ ਜਾਵੇ।
3. ਜਦੋਂ ਪ੍ਰਮੇਸ਼ਵਰ ਵੇਖਦਾ ਹੈ ਕਿ ਹੁਣ ਕੋਈ ਸੰਭਾਵਨਾ ਨਹੀਂ ਕਿ ਇਹ ਹਿਰਦਾ ਸੱਚ ਨੂੰ ਗ੍ਰਹਿਣ ਕਰੇ ਅਰ ਉਸ ਉੱਤੇ ਚੱਲੇ ਤਾਂ ਉਹ ਉਸ ਮਨੁੱਖ ਨੂੰ ਸ਼ੈਤਾਨੀ ਧੋਖੇ ਲਈ ਛੱਡ ਦਿੰਦਾ ਹੈ।
4. ਵਿਸ਼ਵਾਸੀ ਇਸ ਝੂਠ ਨਾਲ ਅੰਨ੍ਹਾਂ ਹੋ ਜਾਂਦਾ ਹੈ ਕਿ ਨਾ ਹੀ ਪਾਪ ਦੀ ਕੋਈ ਸਜਾ ਹੈ ਅਰ ਨਾ ਹੀ ਕੋਈ ਨਿਆਂ ਦਾ ਦਿਨ ਹੈ ਅਤੇ ਉਹ ਆਪਣੀਆਂ ਵਾਸਨਾਵਾਂ ਦਾ ਅਨੰਦ ਉਠਾਉਂਦਾ ਹੋਇਆ ਵੀ ਬਚ ਨਿਕਲੇਗਾ।
5. ਵਿਸ਼ਵਾਸੀ ਦੁਸ਼ਟ ਆਤਮਿਆਂ ਦਾ ਸ਼ਿਕਾਰ ਹੋ ਜਾਂਦਾ, ਬੁਰਾਈ ਨੂੰ ਚੰਗਾ ਅਰ ਭਲਾਈ ਨੂੰ ਬੁਰਾ ਸਮਝਦਾ ਹੈ।
6. ਅਖੀਰ ਉਹ ਪ੍ਰਮੇਸ਼ਵਰ ਅਰ ਸੱਚਾਈ ਤੋਂ ਇੰਨਾਂ ਦੂਰ ਹੋ ਜਾਂਦਾ ਹੈ ਕਿ ਮਸੀਹ ਵਿਰੋਧੀ ਨੂੰ ਸਮਝ ਹੀ ਨਹੀਂ ਪਾਉਂਦਾ ਅਤੇ ਪ੍ਰਮੇਸ਼ਵਰ ਵਾਂਗ ਉਸਦੀ ਅਰਾਧਨਾ ਅਤੇ ਸੇਵਾ ਕਰਨ ਲਗ ਜਾਂਦਾ ਹੈ।
7. ਨਿਆਂ ਦੇ ਦਿਨ ਪ੍ਰਮੇਸ਼ਵਰ ਅਜਿਹੇ ਲੋਕਾਂ ਨੂੰ ਆਖੇਗਾ, "ਹੇ ਬੁਰਿਆਰੋ, ਮੇਰੇ ਕੋਲੋਂ ਚਲੇ ਜਾਓ!"

ਪਿਆਰਿਓ, ਇਹ ਸਾਡਾ ਮਾਰਗ ਨਹੀਂ ਹੈ।ਪ੍ਰਮੇਸ਼ਵਰ ਨੇ ਵਾਅਦੇ ਦਾ ਇੱਕ ਨੇਮ ਬੰਨ੍ਹਿਆਂ ਹੈ ਕਿ ਉਹ ਸਭ ਭਰਮਾਂ ਨੂੰ ਸਾਡੇ ਤੋਂ ਦੂਰ ਕਰੇਗਾ ਅਤੇ ਮਸੀਹ ਦੀ ਸਲੀਬ ਦੀ ਸਮਰੱਥ ਦੇ ਦੁਆਰਾ ਸਾਨੂੰ ਪਾਪ ਉੱਤੇ ਜਿੱਤ ਬਖ਼ਸ਼ੇਗਾ। ਉਹ ਕੇਵਲ ਇਹ ਚਾਹੁੰਦਾ ਹੈ ਕਿ ਅਸੀਂ ਇਹ ਆਖ ਕੇ ਆਪਣੇ ਪਾਪ ਵਿਰੁੱਧ ਯੁੱਧ ਛੇੜ ਦੇਈਏ ਕਿ "ਮੈਂ ਇਸ ਆਦਤ ਨਾਲ ਸਮਝੌਤਾ ਨਹੀਂ ਕਰਾਂਗਾ। ਮੈਂ ਇਸ ਨਾਲ ਜੁੜਿਆ ਨਹੀਂ ਰਹਾਂਗਾ। ਪਿਤਾ ਆਪਣੀ ਆਤਮਾ ਦੁਆਰਾ ਮੈਨੂੰ ਛੁਡਾ!" ਜਦੋਂ ਉਹ ਇਸ ਪ੍ਰਾਰਥਨਾ ਨੂੰ ਸੁਣੇਗਾ ਤਾਂ ਉਹ ਸਵਰਗ ਤੋਂ ਪਵਿੱਤਰ ਆਤਮਾ ਦੀ ਅਜਿਹੀ ਸਮਰੱਥ ਅਰ ਮਹਿਮਾ ਨੂੰ ਭੇਜੇਗਾ ਜਿਸ ਅੱਗੇ ਸ਼ੈਤਾਨ ਖੜਾ ਨਹੀਂ ਰਹਿ ਸਕੇਗਾ।

ਇਸੇ ਵੇਲੇ ਪ੍ਰਾਰਥਨਾ ਕਰੋ ਕਿ ਪ੍ਰਮੇਸ਼ਵਰ ਉਸਦੇ ਵਚਨ ਦੀ ਇੱਜ਼ਤ ਤੁਹਾਡੇ ਅੰਦਰ ਦੇਵੇ। ਉਸ ਤੋਂ ਮਦਦ ਮੰਗੋ ਕਿ ਤੁਸੀਂ ਬਾਈਬਲ ਪੜ੍ਹਨ ਵਿੱਚ ਵਫਾਦਾਰ ਬਣ ਸਕੋ। ਅਤੇ ਪਵਿੱਤਰ ਆਤਮਾ ਤੋਂ ਮਦਦ ਮੰਗੋ ਕਿ ਤੁਸੀਂ ਜੋ ਪੜ੍ਹਦੇ ਹੋ ਉਸਨੂੰ ਦਿਲ ਵਿੱਚ ਰੱਖ ਸਕੋ- ਅਤੇ ਸਮਝ ਸਕੋ ਕਿ ਜੋ ਕੁੱਝ ਪ੍ਰਮੇਸ਼ਵਰ ਆਖਦਾ ਹੈ ਉਸਨੂੰ ਕਰਦਾ ਵੀ ਹੈ।

**Rev. David Wilkerson**


## ਬੁਲਾਵੇ ਦੀ ਗੂੰਜ ਦੇ ਇਸ਼ਤਿਹਾਰ ਰੇਟ

| ਅਕਾਰ | ਸਾਰੀਆਂ ੧੯ ਭਾਸ਼ਾਂਵਾਂ ਵਿੱਚ | ਸਿਰਫ ਇੱਕ ਭਾਸ਼ਾ |
|---|---|---|
| ਪੂਰਾ ਪੰਨਾ | ਰੁ. ੭੦,੦੦੦/- | ਰੁ. ੫,੦੦੦/- |
| ਅੱਧਾ ਪੰਨਾ | ਰੁ ੫੦,੦੦੦/- | ਰੁ. ੩,੫੦੦/- |
| ਪੌਣਾ ਪੰਨਾ | ਰੁ ੩੦,੦੦੦/- | ਰੁ. ੨,੦੦੦/- |



# ਟੋਏ ਤੋਂ ਮਹੱਲ ਤੱਕ

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

"ਯਹੋਵਾਹ ਦੀਆਂ ਅੱਖਾਂ ਧਰਮੀਆਂ ਉੱਤੇ ਅਤੇ ਕੰਨ ਉਹਨਾਂ ਦੀ ਦੁਹਾਈ ਵੱਲ ਹਨ" (ਜ਼ਬੂਰ 34:15)।

ਅੱਜ ਮੇਰੀ ਸਵੇਰ ਦੀ ਪ੍ਰਾਰਥਨਾ ਦੇ ਸਮੇਂ ਪ੍ਰਮੇਸ਼ਵਰ ਮੈਨੂੰ ਮੇਰੀ ਸੇਵਕਾਈ ਦੇ ਅਰੰਭਕ ਦਿਨਾਂ ਵਿੱਚ ਲੈ ਗਿਆ। ਉਸਨੇ ਮੈਨੂੰ ਸਪੱਸ਼ਟ ਵਿਖਾਇਆ ਕਿ ਕਿਵੇਂ ਅਦਭੁੱਤ ਢੰਗ ਨਾਲ ਉਸਨੇ ਮੇਰੀ ਅਗਵਾਈ ਕੀਤੀ।

ਪ੍ਰਮੇਸ਼ਵਰ ਦੀ ਸਿੱਧ ਅਗਵਾਈ ਨੂੰ ਸਮਝਾਉਣ ਲਈ ਮੈਂ ਇੱਕ ਚਿੱਠੀ ਤੁਹਾਡੇ ਸਾਹਮਣੇ ਪੇਸ਼ ਕਰਦਾ ਹਾਂ ਜਿਹੜੀ ਮੇਰੇ ਇੱਕ ਮਿੱਤਰ, ਪੀ. ਸਿਵਪ੍ਰਕਾਸਮ ਨੇ ਮੈਨੂੰ ਲਿਖੀ ਸੀ:

ਪਿਆਰੇ ਭਰਾ ਸੈਮ ਸੇਲਵਾ ਰਾਜ,

ਲੰਬੇ ਸਮੇਂ ਤੋਂ ਮੇਰੀ ਇੱਛਾ ਸੀ ਕਿ ਤੁਹਾਡੀਆਂ ਗਤੀਵਿਧੀਆਂ ਦੇ ਬਾਰੇ ਮੈਂ ਤੁਹਾਨੂੰ ਲਿਖਾਂ। ਹੁਣ ਜਦੋਂ ਤੁਸੀਂ ਤੁਹਾਡੀ ਸੇਵਕਾਈ ਅਤੇ ਮੈਗਜ਼ੀਨ "ਬੁਲਾਵੇ ਦੀ ਗੂੰਜ" ਦੀ ਸੁਨਹਿਰੀ ਜਯੰਤੀ ਮਨਾਉਣ ਹੀ ਵਾਲੇ ਹੋ ਤਾਂ ਮੈਂ ਇਸਨੂੰ ਸਹੀ ਮੌਕਾ ਸਮਝਦਾ ਹਾਂ ਕਿ ਤੁਹਾਡੀ ਸੇਵਕਾਈ ਪ੍ਰਤੀ ਆਪਣੇ ਦਿਲ ਦੇ ਵਿਚਾਰਾਂ ਨੂੰ ਦੱਸਾਂ।

ਸਭ ਤੋਂ ਪਹਿਲਾਂ ਮੈਂ ਤੁਹਾਨੂੰ, 'ਬੁਲਾਵੇ ਦੀ ਗੂੰਜ' ਮੈਗਜ਼ੀਨ ਦੇ ਸੰਸਥਾਪਕ ਅਰ ਮੁੱਖ ਸੰਪਾਦਕ ਨੂੰ ਪ੍ਰਣਾਮ ਆਖਦਾ ਹਾਂ। ਤੁਸੀਂ ਬਹੁਤ ਸਾਰੀਆਂ ਮੁਸ਼ਕਲਾਂ ਅਤੇ ਔਕੜਾਂ ਨੂੰ ਹਰਾਉਂਦੇ ਹੋਏ ਸਫਲਤਾਪੂਰਵਕ ਆਪਣੀ ਸੇਵਕਾਈ ਦੇ ਸੁਨਹਿਰੀ ਜਯੰਤੀ ਸਾਲ 2019 ਵਿੱਚ ਪ੍ਰਵੇਸ਼ ਕੀਤਾ ਹੈ। ਮੈਂ ਤਹਿ-ਦਿਲੋਂ ਉਹਨਾਂ ਸਭ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵੀ ਸ਼ੁੱਭ ਇੱਛਾਵਾਂ ਦਿੰਦਾ ਹਾਂ ਜਿਨ੍ਹਾਂ ਨੇ ਸਖ਼ਤ ਮੇਹਨਤ ਕੀਤੀ ਹੈ।

ਭਾਵੇਂ ਤੁਹਾਡਾ ਜਨਮ ਕੰਨਿਆਕੁਮਾਰੀ ਜਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਅਤੇ ਤੁਸੀਂ ਸਾਮਵਾਦੀ ਵਿਚਾਰਾਂ ਅਧੀਨ ਰਹੇ ਪਰੰਤੂ ਪਿਛਲੇ 50 ਸਾਲਾਂ ਦੌਰਾਨ ਤੁਸੀਂ ਸਭ ਪ੍ਰਕਾਰ ਦੀਆਂ ਮੁਸ਼ਕਲਾਂ, ਰੁਕਾਵਟਾਂ ਅਤੇ ਠੱਠਿਆਂ ਉੱਤੇ ਜਿੱਤ ਪਾਉਂਦੇ ਰਹੇ। ਆਪਣੇ ਧੀਰਜ ਨਾਲ ਲੰਬੇ ਸਮੇਂ ਤੱਕ ਸਹਾਰਦੇ ਹੋਏ ਤੁਸੀਂ ਉਹਨਾਂ ਸਭ ਔਕੜਾਂ ਨੂੰ ਲਾਂਭੇ ਕਰ ਦਿੱਤਾ ਅਤੇ ਸਭ ਇਹ ਜਾਣਦੇ ਹਨ ਕਿ ਹੁਣ ਤੁਸੀਂ ਉਸ ਸਭ ਦਾ ਜਾਇਜ਼ ਇਨਾਮ ਪਾ ਰਹੇ ਹੋ। ਮੇਰੀ ਇੱਛਾ ਹੈ ਕਿ ਮੈਂ ਮੁੜਕੇ ਉਹਨਾਂ ਦਿਨਾਂ ਨੂੰ ਵੇਖ ਸਕਦਾ ਜਦੋਂ ਅਸੀਂ ਦੋਨੋਂ ਸਰਕਾਰੀ ਦਫ਼ਤਰ ਵਿੱਚ ਕੰਮ ਕਰਦੇ ਸੀ। ਹੈਰਾਨੀਜਨਕ ਹੈ ਕਿ ਇਸ ਗੱਲ ਨੂੰ ਕਿ 40 ਸਾਲ ਬੀਤ ਚੁੱਕੇ ਹਨ। ਤੁਸੀਂ ਤੁਹਾਡੇ ਉਹਨਾਂ ਸਭ ਮਿੱਠੇ ਅਤੇ ਕੌੜੇ ਅਨੁਭਵਾਂ ਨੂੰ ਤੁਹਾਡੀ ਮੈਗਜ਼ੀਨ 'ਬੁਲਾਵੇ ਦੀ ਗੂੰਜ' ਵਿੱਚ "ਟੋਏ ਤੋਂ ਮਹੱਲ" ਸਿਰਲੇਖ ਹੇਠ ਪ੍ਰਕਾਸ਼ਤ ਕਰਦੇ ਹੋ। ਉਹ ਅਨੁਭਵ ਸੱਚੇ ਹਨ ਅਤੇ ਉਹਨਾਂ ਨੇ ਮੇਰੇ ਜੀਵਨ ਵਿੱਚ ਵੀ ਬਹੁਤ ਯੋਗਦਾਨ ਦਿੱਤਾ ਹੈ।

ਮੈਂ ਇਹ ਵੇਖ ਕੇ ਕਿ ਤੁਸੀਂ ਸਖ਼ਤ ਮੇਹਨਤ, ਜਜ਼ਬੇ, ਦ੍ਰਿੜ ਨਿਸ਼ਚੇ ਅਤੇ ਅਡੋਲ ਵਿਸ਼ਵਾਸ ਸਦਕਾ ਬੁਲੰਦੀਆਂ ਤੇ ਪਹੁੰਚ ਗਏ ਹੋ, ਅਨੰਦ ਨਾਲ ਭਰਿਆ ਹੋਇਆ ਹਾਂ।

ਤੁਸੀਂ ਕਦੇ ਕਿਸੇ ਨਾਲ ਮੁਕਾਬਲਾ ਨਹੀਂ ਕੀਤਾ ਅਤੇ ਆਪਣੀ ਦੌੜ ਚੰਗੀ ਗਤੀ ਨਾਲ ਦੌੜੀ ਹੈ; ਕਿਸੇ ਨੇ ਜ਼ਬਰਦਸਤੀ ਤੁਹਾਨੂੰ ਇਸ ਦੌੜ ਵਿੱਚ ਨਹੀਂ ਧਕੇਲਿਆ। ਤੁਸੀਂ ਖੁਦ ਇਸਨੂੰ ਸ਼ੁਰੂ ਕੀਤਾ। ਮੈਂ ਜਾਣਦਾ ਹਾਂ ਕਿ ਇਸ ਸੰਸਥਾ ਨੂੰ ਖੜ੍ਹੀ ਕਰਨ ਲਈ ਤੁਸੀਂ ਹਰ ਪਾਸੇ ਖੂਬ ਦੌੜ ਭੱਜ ਕੀਤੀ ਹੈ, ਬੜੀਆਂ ਰੁਕਾਵਟਾਂ ਨੂੰ ਪਾਰ ਕੀਤਾ ਹੈ, ਦੁਸ਼ਮਣਾ ਦਾ ਸਾਹਮਣਾ ਕੀਤਾ ਹੈ, ਨਿਰਾਸ਼ਾ, ਧੋਖੇ ਅਤੇ ਇਲਜ਼ਾਮਾਂ ਆਦਿ ਨੂੰ ਝੱਲਿਆ ਹੈ। ਅਖੀਰ ਵਿੱਚ ਤੁਸੀਂ ਇਸ ਜੇਤੂ ਟੀਚੇ ਤੀਕ ਪਹੁੰਚੇ ਹੋ। ਮੈਂ ਇਹ ਸਿੱਖਿਆ ਹੈ ਕਿ ਭਾਵੇਂ ਸਾਨੂੰ ਹੋਰਾਂ ਕੋਲੋਂ ਕਈ ਸਲਾਹਾਂ ਮਿਲਣ ਪਰੰਤੂ ਸਾਡਾ ਖੁਦ ਦਾ ਫੈਸਲਾ ਹੀ ਸਥਿਰ ਰਹਿੰਦਾ ਹੈ। ਮੈਂ ਇਹ ਅਨਮੋਲ ਸੱਚਾਈ ਤੁਹਾਡੇ ਦੁਆਰਾ ਸਪੱਸ਼ਟ ਮਨ ਨਾਲ ਲਏ ਗਏ ਫੈਸਲਿਆਂ ਨੂੰ ਵੇਖ ਕੇ ਸਮਝੀ ਹੈ। ਤੁਹਾਡੀ ਇਸ ਸੋਚ ਨੇ ਕਿ, "ਅੱਜ ਦਾ ਕੰਮ ਅੱਜ ਪੂਰਾ ਕਰੋ ਅਤੇ ਕੱਲ ਦੀ ਯੋਜਨਾ ਅੱਜ ਹੀ ਬਣਾ ਲਓ" ਵਿਖਾਲਿਆ ਹੈ ਕਿ ਤੁਸੀਂ ਕੌਣ ਹੋ। ਮੈਂ ਜਾਣਿਆਂ ਹੈ ਕਿ ਤੁਸੀਂ ਆਪਣੇ ਵਰਤਾਓ ਵਿੱਚ ਨਿਮਰ ਅਤੇ ਆਦਰਪੂਰਨ ਲੋਕਾਂ ਲਈ ਨਿਮਰ ਅਤੇ ਆਦਰਪੂਰਨ ਅਤੇ ਸਖ਼ਤ ਲੋਕਾਂ ਲਈ ਸਖ਼ਤ ਹੋ। ਇਹ ਸਭ ਵਿਸ਼ੇਸ਼ਤਾਵਾਂ ਦੱਸਦੀਆਂ ਹਨ ਕਿ ਤੁਸੀਂ ਇੱਕ ਚੰਗੇ ਆਗੂ ਦੇ ਗੁਣਾਂ ਨਾਲ ਭਰੇ ਹੋਏ ਮਹਾਨ ਪ੍ਰਬੰਧਕ ਹੋ।

ਜਦੋਂ ਤੁਸੀਂ ਨੌਕਰੀ ਵਿੱਚ ਸੀ ਤਾਂ ਬਹੁਤ ਸਾਰੇ ਉੱਚ ਅਧਿਕਾਰੀਆਂ ਅਤੇ ਆਮ ਕਰਮਚਾਰੀਆਂ ਨੇ ਤੁਹਾਨੂੰ ਰਹਿਮਦਿਲੀ ਵਿਖਾਈ। ਤੁਸੀਂ ਵੀ ਬਹੁਤ ਵਾਰ ਉਹਨਾਂ ਲਈ ਵੱਡੀ ਮਦਦ ਸਾਬਤ ਹੋਏ। ਤੁਸੀਂ ਮੈਨੂੰ ਕਈ ਵਾਰ ਦੱਸਿਆ ਹੈ ਕਿ ਜਦੋਂ ਤੁਸੀਂ ਵੱਡੀਆਂ ਪਰੇਸ਼ਾਨੀਆਂ ਪਏ ਤਾਂ ਉਹਨਾਂ ਲੋਕਾਂ ਨੇ ਤੁਹਾਡੀ ਬਹੁਤ ਮਦਦ ਕੀਤੀ ਅਤੇ ਸਮੱਸਿਆਵਾਂ ਵਿੱਚੋਂ ਤੁਹਾਨੂੰ ਕੱਢਿਆ। ਉਹਨਾਂ ਪ੍ਰਤੀ ਤੁਹਾਡਾ ਧੰਨਵਾਦੀ ਸੁਭਾਅ ਤੁਹਾਡੀ ਦਿਆਲਤਾ ਅਤੇ ਸ਼ੁਕਰਗੁਜ਼ਾਰੀ ਭਰੇ ਹਿਰਦੇ ਨੂੰ ਵਿਖਾਉਂਦਾ ਹੈ। ਸਰਕਾਰ ਨੇ ਖੁਦ ਵਿਸ਼ੇਸ਼ ਅਧਿਕਾਰਾਂ ਨਾਲ ਤੁਹਾਨੂੰ ਸਨਮਾਨਿਤ ਕੀਤਾ ਹੈ।

ਮੈਂ ਤੁਹਾਡੀਆਂ ਪ੍ਰਾਰਥਨਾ ਸਭਾਵਾਂ ਅਤੇ ਭਿੰਨ ਭਿੰਨ ਸੇਵਕਾਈਆਂ ਨੂੰ ਵੀ ਵੇਖਦਾ ਹਾਂ ਜਿਨ੍ਹਾਂ ਦੁਆਰਾ ਲੋਕ ਆਪਣੀਆਂ ਪਰੇਸ਼ਾਨੀਆਂ ਅਰ ਬਿਮਾਰੀਆਂ ਤੋਂ ਛੁਟਕਾਰਾ ਪਾਉਂਦੇ ਹਨ, ਕਈਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਸਮਾਜ ਦੇ ਨਿਚਲੇ ਵਰਗ ਦੇ ਲੋਕ ਤੁਹਾਡੀ ਸੇਵਕਾਈ ਦੁਆਰਾ ਬਹੁਤ ਲਾਭ ਉਠਾ ਰਹੇ ਹਨ। ਤੁਸੀਂ ਉਹਨਾਂ ਦੀਆਂ ਡਾਕਟਰੀ ਅਤੇ ਸਿੱਖਿਆ ਸੰਬੰਧੀ ਲੋੜਾਂ ਨੂੰ ਪੂਰਾ ਕਰਕੇ ਉਹਨਾਂ ਨੂੰ ਉਠਾਉਂਦੇ ਹੋ। ਤੁਹਾਡੀ ਸੇਵਕਾਈ ਦੀਆਂ ਇਹਨਾਂ ਗਤੀਵਿਧੀਆਂ ਨੂੰ ਵੇਖ ਕੇ ਮੈਨੂੰ ਇਹੀ ਲਗਦਾ ਹੈ ਕਿ ਇਹ ਸਭ ਤੁਹਾਡੀ ਭਗਤੀ ਦੀ ਹੀ ਉਪਜ ਹੈ ਜਿਹੜੀ ਤੁਹਾਡੇ ਹਿਰਦੇ ਅੰਦਰ ਘਰ ਕਰ ਚੁੱਕੀ ਹੈ। ਜੇਕਰ ਚੇਨੰਈ ਵਿੱਚ ਤੁਹਾਡੇ ਅਰੰਭਕ ਸਾਲ ਤੁਹਾਨੂੰ ਰਾਜਨੀਤਕ ਵਿਚਾਰਾਂ ਵੱਲ ਮੋੜ ਦਿੰਦੇ ਤਾਂ ਤੁਸੀਂ ਕਿਸੇ ਵੱਡੀ ਰਾਜਨੀਤਕ ਪਾਰਟੀ ਦੇ ਲੀਡਰ ਹੁੰਦੇ। ਕਿਉਂਕਿ ਤੁਹਾਨੂੰ ਪ੍ਰਭੂ ਪ੍ਰਮੇਸ਼ਵਰ ਨੇ ਬੁਲਾਹਟ ਦਿੱਤੀ ਅਤੇ ਬਰਕਤ ਦਿੱਤੀ, ਤੁਸੀਂ ਆਤਮਿਕਤਾ ਵਿੱਚ ਮਜਬੂਤੀ ਨਾਲ ਜੜ੍ਹ ਫੜੀ।

ਆਤਮਿਕਤਾ ਪ੍ਰਮੇਸ਼ਵਰ ਦੀ ਇੱਛਾ ਹੈ। ਕਿਉਂਕਿ ਤੁਸੀਂ ਇਹ ਮੰਨਿਆਂ ਕਿ ਆਤਮਿਕ ਤਾਕਤ ਹੀ ਮਹਾਨ ਹੈ ਤਾਂ ਇਹ ਵਿਸ਼ਵਾਸ ਤੁਹਾਡੀ ਪ੍ਰੇਰਨਾਦਾਇਕ ਤਾਕਤ ਬਣ ਗਿਆ। ਤੁਹਾਡੇ ਅੰਦਰ ਛਿਪੀ ਹੋਈ ਆਤਮਿਕ ਤਾਕਤ ਦੀ ਬਦੌਲਤ ਤੁਹਾਡੇ ਭਵਿੱਖ ਸੰਬੰਧੀ ਤੁਹਾਡੇ ਵਿਚਾਰਾਂ ਨੂੰ ਸਹੀ ਸੇਧ ਮਿਲੀ ਅਰ ਸਹੀ ਅਕਾਰ ਮਿਲਿਆ ਅਤੇ ਤੁਹਾਡੇ ਸਭ ਉਪਰਾਲੇ ਸਫ਼ਲ ਹੋਏ। ਤੁਹਾਡੀ ਜੀਵਨ ਸ਼ੈਲੀ ਨੂੰ ਵੇਖ ਕੇ ਮੈਂ ਇਸ ਸੱਚਾਈ ਨੂੰ ਜਾਣਿਆਂ।

ਪ੍ਰਭੂ ਪ੍ਰਮੇਸ਼ਵਰ ਨੇ ਤੁਹਾਨੂੰ ਅਪਾਰ ਬੁੱਧੀ ਅਤੇ ਤਾਕਤ ਦਿੱਤੀ ਹੈ। ਜਦੋਂ ਤੁਸੀਂ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋ ਤਾਂ ਪ੍ਰਮੇਸ਼ਵਰ ਖੁਦ ਤੁਹਾਡੇ ਸਾਹਮਣੇ ਆ ਕੇ

RNI NO. TNPUN/2000/1914, Postal Regn. No. TN/CH/(C)/192/18-20 WPP NO. TN/PMG(CCR)/WPP-263/18-20

ਤੁਹਾਨੂੰ ਛੁਡਾਉਂਦਾ ਹੈ।ਪ੍ਰਮੇਸ਼ਵਰ ਨੇ ਤੁਹਾਨੂੰ ਅਜਿਹੇ ਪਰਿਵਾਰਕ ਮੈਂਬਰ ਵੀ ਦਿੱਤੇ ਹਨ ਜਿਨ੍ਹਾਂ ਨੇ ਸੂਝਵਾਨ ਮਨ ਨਾਲ ਉਹਨਾਂ ਸਭ ਔਕੜਾਂ ਨੂੰ ਸਵੀਕਾਰ ਕੀਤਾ ਜਿਨ੍ਹਾਂ ਵਿੱਚੋਂ ਤੁਸੀਂ ਲੰਘੇ ਹੋ। ਕੋਈ ਇਸ ਗੱਲ ਦਾ ਵੀ ਇਨਕਾਰ ਨਹੀਂ ਕਰ ਸਕਦਾ ਕਿ ਪ੍ਰਭੂ ਨੇ ਤੁਹਾਨੂੰ ਯੋਗ ਅਤੇ ਤਾਕਤਵਰ ਪ੍ਰਬੰਧਕ ਅਤੇ ਕਰਮਚਾਰੀ ਦਿੱਤੇ ਹਨ ਤਾਂ ਕਿ ਤੁਹਾਡੀ ਸੇਵਕਾਈ, ਪ੍ਰਕਾਸ਼ਨ, ਬਾਈਬਲ ਕਾਲਜਾਂ ਅਤੇ ਸਕੂਲਾਂ ਦਾ ਕੋਈ ਵੀ ਕੰਮ ਅਸਫਲ ਨਾ ਹੋਵੇ।

ਇਸ ਸਮੇਂ, ਜਦੋਂ ਅਸੀਂ 'ਬੁਲਾਵੇ ਦੀ ਗੂੰਜ' ਦੀ ਸੁਨਹਿਰੀ ਜਯੰਤੀ ਮਨਾ ਰਹੇ ਹਾਂ ਤਾਂ ਮੈਂ ਸਾਡੇ ਨਾਲ ਸੰਬੰਧਤ ਆਪਣੇ ਸਭ ਪਿਆਰਿਆਂ ਨੂੰ ਤੁਹਾਡੇ ਸ਼ੁਭ-ਚਿੰਤਕਾਂ ਵੱਜੋਂ ਯਾਦ ਕਰਨਾ ਚਾਹੁੰਦਾ ਹਾਂ। ਸਾਡੇ ਆਸਟ੍ਰੇਲੀਅਨ ਮਿੱਤਰ, ਮਿ: ਹੇਡਨ ਹੱਟਨ ਅਤੇ ਡਾ: ਬੀ.ਜੇ. ਕ੍ਰਿਸ਼ਨਾਮੂਰਤੀ ਮੇਰੇ ਵਿਆਹ ਵਿੱਚ ਸ਼ਾਮਲ ਹੋਏ ਸਨ। ਮੈਂ ਉਹ ਘਟਨਾ ਨਹੀਂ ਭੁੱਲ ਸਕਦਾ। ਨਾਲ ਹੀ ਮੈਂ ਸਾਡੇ ਬਹੁਤ ਸਾਰੇ ਮਿੱਤਰਾਂ ਦੀ ਮਿੱਤਰਤਾ ਬਾਰੇ ਯਾਦ ਕਰਕੇ ਬਹੁਤ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਜਿਹੜੇ ਸਾਡੇ ਨਾਲ ਸਰਕਾਰੀ ਦਫ਼ਤਰ ਵਿੱਚ ਕੰਮ ਕਰਦੇ ਸਨ ਜਿਵੇਂ ਕਿ ਮਿ: ਸੀ. ਮੁੱਥੂ, ਡੀ.ਕੇ. ਏਲੀਸ਼ਾ, ਰਹਿਮਾਨ ਬਾਸ਼ਾ, ਬਾਲਾਕਰਿਸ਼ਨਨ, ਮੁਨੁਸਾਮੀ, ਗਜੇਂਦਰਨ, ਜੈਨੂਲੱਭੂਦੀਨ, ਪਰੰਥਾਮਾਨ, ਰਾਮਾਮੂਰਤੀ, ਥੰਗਾਵੇਲੂ, ਮਿਸੇਜ ਪਲਵੰਨਮ, ਟੀ.ਵੀ. ਸਵਿੱਤਰੀ, ਜਯਾਕੁਮਾਰੀ, ਰਾਜੇਸ਼ਵਰੀ, ਕ੍ਰਿਸ਼ਨਾਵੇਨੀ, ਰਮੀਸਾ ਬੀਵੀ, ਅਤੇ ਤੁਹਾਡੀ ਅਰੰਭਕ ਸੇਵਕਾਈ ਦੇ ਸਹਿਕਰਮੀ ਮਿ: ਡੀ. ਡਬਲਿਊ ਦੇਵਕੰਡਨ, ਜੇ.ਆਰ. ਸੁੰਦਰਰਾਜ, ਆਰ.ਈ. ਜਯਾਰਾਜ, ਜਯਾਕੁਮਾਰ ਮਹਾਂਰਾਜ, ਜੀ.ਜੇ. ਪੌਲਮਣੀ, ਡੀ. ਰਿਚਰਡ ਥੰਬੀ ਰਾਜ, ਐੱਨ ਸ਼ਯਾਮ ਸੁੰਦਰ ਅਤੇ ਐੱਮ ਪੌਲਰਾਜ।

ਬਿਨਾਂ ਅਰਾਮ ਤੋਂ ਤੇਜੀ ਨਾਲ ਕੰਮ ਕਰਨਾ ਤੁਹਾਡੇ ਲਈ ਸੁਭਾਵਿਕ ਹੀ ਹੈ। ਪਰੰਤੂ ਇਹ ਮੇਰਾ ਨਿਮਰ ਨਿਵੇਦਨ ਹੈ ਕਿ ਤੁਸੀਂ ਆਪਣੀਆਂ ਪਰਿਵਾਰਕ ਸਥਿਤੀਆਂ ਅਤੇ ਆਪਣੀ ਸੇਹਤ ਨੂੰ ਵੇਖ ਕੇ ਕੰਮ ਦੀ ਰਫ਼ਤਾਰ ਨੂੰ ਥੋੜਾ ਘੱਟ ਕਰਕੇ ਸ਼ਾਂਤਮਈ ਢੰਗ ਨਾਲ ਕੰਮ ਕਰੋ।

ਇੱਕ ਕਹਾਵਤ ਹੈ, 'ਚੰਗੇ ਲੋਕਾਂ ਦੀ ਦੋਸਤੀ ਮਿੱਠੀ ਹੁੰਦੀ ਹੈ'। ਮੇਰੀ ਕੇਵਲ ਇਹੀ ਪ੍ਰਾਰਥਨਾ ਹੈ ਕਿ ਸਾਡੀ 'ਦੋਸਤੀ ਦਾ ਪੁਲ' ਸਦਾ ਮਜਬੂਤੀ ਨਾਲ ਖੜਾ ਰਹੇ। ਮੇਰੀਆਂ ਸ਼ੁੱਭ ਇੱਛਾਵਾਂ ਹਨ ਕਿ ਤੁਹਾਡੀ ਮੈਗਜ਼ੀਨ 'ਬੁਲਾਵੇ ਦੀ ਗੂੰਜ' ਲਗਾਤਾਰ ਪ੍ਰਕਾਸ਼ਤ ਹੁੰਦੀ ਰਹੇ। ਤੁਹਾਡੀ ਆਤਮਕਥਾ ਨੂੰ ਪ੍ਰਕਾਸ਼ਤ ਕਰਨ ਦੇ ਸਭ ਉਪਰਾਲੇ ਵੀ ਸਫ਼ਲ ਹੋਣ।

17-09-2018 ਤੁਹਾਡਾ ਹਮੇਸ਼ਾ ਦਾ ਮਿੱਤਰ
ਚੇਨੰਈ-16 ਪੀ. ਸਿਵਪ੍ਰਕਾਸਮ

ਪਿਆਰੇ ਪਾਠਕੋ, ਧੀਰਜ ਨਾਲ ਇਹ ਲੰਬਾ ਸੰਦੇਸ਼ ਪੜ੍ਹਨ ਲਈ ਧੰਨਵਾਦ। ਸਾਰੀ ਇੱਜ਼ਤ ਅਤੇ ਮਹਿਮਾ ਪ੍ਰਭੂ ਯਿਸੂ ਮਸੀਹ ਨੂੰ ਮਿਲੇ। "ਹੁਣ ਜੁੱਗਾਂ ਦੇ ਮਹਾਂਰਾਜ, ਅਵਿਨਾਸ਼ੀ, ਅਲੱਖ, ਅਦੁੱਤੀ ਪ੍ਰਮੇਸ਼ਵਰ ਦਾ ਆਦਰ ਅਤੇ ਤੇਜ ਜੁੱਗੋ ਜੁੱਗ ਹੋਵੇ, ਆਮੀਨ" (1 ਤਿਮੋਥਿਉਸ 1:17)।

-ਐੱਸ. ਸੈਮ ਸੇਲਵਾ ਰਾਜ

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ : ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੂਸ ਮੈਟ੍ਰੀਕੂਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂਲ : ਸਵੇਰੇ 8.30 ਸ਼ਾਮ 4.00 ਐਤਵਾਰ
13. ਤਾਮਿਲ ਸਭਾ : ਸਵੇਰੇ 5.30 - 7.00 ਅਤੇ 10.00 ਐਤਵਾਰ
14. ਤੇਲਗੂ : ਸ਼ਾਮ 4.00 ਐਤਵਾਰ
15. ਹਿੰਦੀ ਸਭਾ : ਸ਼ਾਮ 5.00 ਐਤਵਾਰ
16. ਮਲਿਆਲਮ ਸਭਾ : ਸ਼ਾਮ 2.00 ਐਤਵਾਰ
17. ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
18. ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
19. ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
20. ਮੱਧ ਹਫਤਾ ਬਾਈਬਲ ਅਧਿਅਨ: ਸ਼ਾਮ 6.30 ਬੁੱਧਵਾਰ
21. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
22. ਕਾਮਿਆਂ ਲਈ ਪ੍ਰਾਰਥਨਾ : ਸ਼ਾਮ 6.00 ਸ਼ਨੀਵਾਰ
23. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
24. ਖਾਸ ਪ੍ਰਭੂ ਭੋਜ : ਸਵੇਰੇ 5.30 ਹਰ ਮਹੀਨੇ ਦੇ ਪਹਿਲੇ ਦਿਨ
25. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
26. ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
27. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
28. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
29. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
30. ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
31. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
32. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

RNI NO. 2000/1914
Postal Regn. No. TN/CH/(C)/192/18-20
WPP NO. TN/PMG(CCR) / WPP- 263/18-20
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 20th NOVEMBER 2018
If un-delivered please return to:
**ECHO OF HIS CALL (PUNJABI)**
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

***JESUS LOVES YOU!***

To

*GOD BLESS YOU!*

Owned and published by **S. Sam Selva Raj** from No.10, Mohammed Abdullah Street, Chepauk, Chennai-600 005 and printed by him at **Echo of His Call Printers** No. 10, Mohammed Abdullah Street, Chepauk, Chennai-600 005. Editor: **S. Sam Selva Raj.**